


# ਫਾਈਨਲ ਲਿਖਤੀ ਪੇਪਰ ਨੋਟਸ (2025-26)

## Final Paper

ਪਿਆਰੇ ਵਿਦਿਆਰਥੀਓ ਤੁਹਾਨੂੰ ਕੰਪਿਊਟਰ ਸਾਇੰਸ ਵਿਸ਼ੇ ਦੇ ਫਾਈਨਲ ਲਿਖਤੀ ਪੇਪਰ ਜੋ ਕਿ ਕੁੱਲ **50** ਅੰਕ ਦਾ ਹੋਵੇਗਾ ਦੇ ਸਬੰਧ ਵਿੱਚ ਪ੍ਰਸ਼ਨ ਪੱਤਰ ਤਿੰਨ ਭਾਗਾਂ (**ਭਾਗ ੳ, ਭਾਗ ਅ ਅਤੇ ਭਾਗ ੲ**) ਵਿੱਚ ਵੰਡਿਆ ਹੋਵੇਗਾ

1. ਭਾਗ ੳ ਕੁੱਲ **12** ਅੰਕਾਂ ਦਾ ਹੋਵੇਗਾ ਜਿਸ ਵਿੱਚ 4 ਪ੍ਰਸ਼ਨ ਬਹੁਵਿਕਲਪੀ ਉੱਤਰਾਂ ਵਾਲੇ, 4 ਪ੍ਰਸ਼ਨ ਖਾਲੀ ਥਾਵਾਂ ਵਾਲੇ ਅਤੇ **4** ਪ੍ਰਸ਼ਨ ਪੂਰੇ ਰੂਪ ਵਾਲੇ ਹੋਣਗੇ।

2. ਭਾਗ ਅ ਕੁੱਲ **20** ਅੰਕਾਂ ਦਾ ਹੋਵੇਗਾ ਜਿਸ ਵਿੱਚ **4-4** ਅੰਕਾ ਦੇ 5 ਪ੍ਰਸ਼ਨ ਹੋਣਗੇ, ਜਿਸ ਵਿੱਚ ਦੋ ਪ੍ਰਸ਼ਨਾਂ ਵਿੱਚ ਅੰਦਰੂਨੀ ਛੋਟ ਹੋਵੇਗੀ।

3. ਭਾਗ ੲ ਕੁੱਲ **18** ਅੰਕਾਂ ਦਾ ਹੋਵੇਗਾ ਜਿਸ ਵਿੱਚ **6-6** ਅੰਕਾਂ ਦੇ 3 ਪ੍ਰਸ਼ਨ ਹੋਣਗੇ, ਜਿਨ੍ਹਾਂ ਵਿੱਚ ਅੰਦਰੂਨੀ ਛੋਟ ਹੋਵੇਗੀ।

**ਬਹੁਵਿਕਲਪੀ ਉੱਤਰਾਂ ਵਾਲੇ ਪ੍ਰਸ਼ਨ:**

1.ਹੇਠ ਲਿਖਿਆਂ ਵਿਚੋਂ ਕਿਹੜਾ ਆਫਿਸ ਟੂਲਜ਼ ਦੀ ਉਦਾਹਰਣ ਹੈ?

ੳ. MS Word ਅ.Google Slides ੲ.MS PowerPoint **ਸ. ਉਪਰੋਕਤ ਸਾਰੇ**

2. ਹੇਠ ਲਿਖਿਆਂ ਵਿਚੋਂ ਕਿਹੜਾ ਵਰਡ-ਪਸੈਸਰ ਦੀ ਉਦਾਹਰਣ ਹੈ?

**ੳ .Google Docs** ਅ.Google Sheets ੲ.Google Drive ਸ.MS Excel

3. ਹੇਠ ਲਿਖਿਆ ਵਿਚੋਂ ਕਿਹੜਾ ਗੂਗਲ ਦੇ ਆਨ-ਲਾਈਨ ਆਫਿਸ ਟੂਲ ਦੀ ਉਦਾਹਰਣ ਨਹੀਂ ਹੈ?

ੳ.Google Slides ਅ.Google Docs **ੲ.OpenOffice Writer** ਸ.Google Sheets

4.ਕਿਹੜੇ ਸਾਫ਼ਟਵੇਅਰ ਕੰਪਿਊਟਰ ਨੂੰ ਓਪਰੇਟ ਕਰਨ ਕੰਟਰੋਲ ਕਰਨ ਅਤੇ ਪ੍ਰੋਸੈਸਿੰਗ ਸਮਰੱਥਾਵਾਂ ਨੂੰ ਵਧਾਉਣ ਲਈ ਡਿਜ਼ਾਈਨ ਕੀਤੇ ਗਏ ਹਨ।

ੳ ਐਪਲੀਕੇਸ਼ਨ ਸਾਫ਼ਟਵੇਅਰ **ਅ. ਸਿਸਟਮ ਸਾਫ਼ਟਵੇਅਰ**

ੲ. ਗੂਗਲ ਦੇ ਆਨ-ਲਾਈਨ ਆਫਿਸ ਟੂਲਜ਼ ਸ. ਉਪਰੋਕਤ ਸਾਰੇ

5.........ਪ੍ਰੋਗਰਾਮਾਂ ਦਾ ਸਮੂਹ ਹੁੰਦੇ ਹਨ ਜੋ ਯੂਜ਼ਰ ਨੂੰ ਕੋਈ ਵਿਸ਼ੇਸ਼ ਕੰਮ ਕਰਨ ਯੋਗ ਬਨਾਉਂਦੇ ਹਨ।

**ੳ. ਸਾਫਟਵੇਅਰ** ਅ. ਹਾਰਡਵੇਅਰ ੲ.ਭਾਸ਼ਾ ਟ੍ਰਾਂਸਲੇਟਰਜ਼ ਸ. ਪ੍ਰੋਗਰਾਮਿੰਗ ਭਾਸ਼ਾਵਾਂ

6. "Anyone with the link? ਆਪਸ਼ਨ ਸੈੱਟ ਕਰਨ ਤੋਂ ਬਾਅਦ ਅਸੀਂ ਗੂਗਲ ਡੌਕਸ ਵਿੱਚ ਬਣਾਈ ਗਈ ਫਾਈਲ ਨੂੰ ਸ਼ੇਅਰ ਕਰਨ ਲਈ ਡਰਾਪ-ਡਾਊਨ ਮੀਨੂੰ ਦੀ ਵਰਤੋਂ ਕਰਕੇ ਹੇਠਾਂ ਦਿੱਤੇ ਕਿਹੜੇ ਐਕਸੈੱਸ ਲੈਵਲ ਨੂੰ ਸੈੱਟ ਕਰ ਸਕਦੇ ਹਾਂ?

ੳ. Viewer ਅ. Commenter ੲ. Editor **ਸ. ਉਪਰੋਕਤ ਸਾਰੇ**

7.........ਵੈੱਬਸਾਈਟਾਂ ਜਾਂ ਵੈੱਬ ਪੇਜਾਂ ਦਾ ਸੰਗ੍ਰਹਿ ਹੁੰਦਾ ਹੈ।

**ੳ .ਵਰਲਡ ਵਾਈਡ ਵੈੱਬ** ਅ.ਵੈੱਬ ਸਾਈਟਸ ੲ.HTML ਸ.ਹਾਈਪਰ ਟੈਕਸਟ

8.........ਉਹ ਟੈਕਸਟ ਹੁੰਦਾ ਹੈ ਜਿਸ ਵਿੱਚ ਦੂਜੇ ਵੈੱਬ-ਪੇਜਾਂ ਦੇ ਲਿੰਕ ਮੌਜੂਦ ਹੁੰਦੇ ਹਨ।

ੳ ਸਟੈਟਿਕ ਟੈਕਸਟ **ਅ.ਹਾਈਪਰ ਟੈਕਸਟ** ੲ.ਪਲੇਨ ਟੈਕਸਟ ਸ.ਉਪਰੋਕਤ ਸਾਰੇ

9.HTML ਪ੍ਰੋਗਰਾਮ ਦੀ ਆਊਟਪੁੱਟ ਨੂੰ ਵੇਖਣ ਲਈ ਸਾਨੂੰ ਉਸ ਡਾਕੂਮੈਂਟ ਨੂੰ.........ਵਿੱਚ ਓਪਨ ਕਰਨਾ ਪੈਂਦਾ ਹੈ।

ੳ.ਟੈਕਸਟ ਐਡੀਟਰ ਅ. ਵਰਡ ਪ੍ਰੋਸੈਸਰ ੲ.ਫਾਈਲ ਐਕਸਪਲੋਰਰ **ਸ.ਵੈੱਬ ਬ੍ਰਾਊਜ਼ਰ**

10.........ਦੀ ਵਰਤੋਂ HTML ਟੈਗਜ਼ ਬਾਰੇ ਵਧੇਰੇ ਜਾਣਕਾਰੀ ਪ੍ਰਦਾਨ ਕਰਨ ਲਈ ਕੀਤੀ ਜਾਂਦੀ ਹੈ।

ੳ. ਪੇਅਰਡ ਟੈਗਜ਼ ਅ.ਅਨਪੇਅਰਡ ਟੈਗਜ਼ ੲ. ਮੇਟਾ-ਡਾਟਾ **ਸ.ਐਟਰੀਬਿਊਟਸ**

11.ਵੈਬ ਪੇਜ ਵਿੱਚ.........ਟੈਗ ਦੀ ਵਰਤੋਂ ਟੈਕਸਟ ਅਤੇ ਤਸਵੀਰਾਂ ਆਦਿ ਨੂੰ ਸਕ੍ਰੋਲ(Scroll) ਕਰਨ ਲਈ ਕੀਤੀ ਜਾਂਦਾ ਹੈ।

ੳ. <title> ਅ.<center> **ੲ. <Marquee>** ਸ.<sup>

12. ਹੇਠ ਲਿਖਿਆਂ ਵਿਚੋਂ ਕਿਹੜੀ ਲਿਸਟ ਦੀ ਵਰਤੋਂ HTML ਡਾਕੂਮੈਂਟਸ ਵਿਚ ਨਹੀਂ ਕੀਤੀ ਜਾਂਦੀ?

ੳ. ਬੁਲੇਟਿਡ ਲਿਸਟ ਅ.ਨੰਬਰਡ ਲਿਸਟ ੲ. ਆਰਡਰਡ ਲਿਸਟ **ਸ. ਡਾਟਾ ਲਿਸਟ**

13. ਆਰਡਰਡ ਅਤੇ ਅਨਆਰਡਰਡ ਲਿਸਟਾਂ ਵਿੱਚ ਲਿਸਟ-ਆਈਟਮਾਂ ਨੂੰ ਪਰਿਭਾਸ਼ਿਤ ਕਰਨ ਲਈ ਹੇਠ ਲਿਖਿਆਂ ਵਿੱਚੋਂ ਕਿਹੜਾ ਟੈਗ ਵਰਤਿਆ ਜਾਂਦਾ ਹੈ?

ੳ. <OL> ਅ. <UL> **ੲ. <LI>** ਸ. <DT>

14. ____________HTML ਡਾਕੂਮੈਂਟਸ ਵਿਚ ਟੇਬਲ ਰੋਅ ਬਨਾਉਣ ਲਈ ਕਿਹੜੇ ਟੈਗ ਦੀ ਵਰਤੋਂ ਕੀਤੀ ਜਾਂਦੀ ਹੈ।

ੳ. <Row> ਅ. <Table Row> **ੲ. <TR>** ਸ. <R>

15. _________ਐਟਰੀਬਿਊਟ ਦੀ ਵਰਤੋਂ ਕਰਦੇ ਹੋਏ ਅਸੀਂ ਸੈੱਲਾਂ ਵਿੱਚਕਾਰ ਖਾਲੀ ਥਾਂ ਨੂੰ ਐਡਜਟ ਕਰ ਸਕਦੇ ਹਾਂ।

**ੳ. Cellspacing** ਅ. Cellpadding ੲ. Rowspan ਸ. Colspan

16. ਜੇਕਰ ਅਸੀਂ ਦੋ ਜਾਂ ਵਧੇਰੇ ਰੋਅਜ਼ ਦੇ ਸੈੱਲਾਂ ਨੂੰ ਇਕ ਸਿੰਗਲ ਸੈੱਲ ਵਿਚ ਮਰਜ ਕਰਨਾ ਚਾਹੁੰਦੇ ਹਾਂ ਤਾਂ ਅਸੀਂ ______ਐਟਰੀਬਿਊਟ ਦੀ ਵਰਤੋਂ ਕਰਾਂਗੇ।
ੳ. Cellspacing ਅ. Cellpadding **ੲ. Rowspan** ਸ. Colspan

17.__________________ਕਿਸੇ ਵੀ ਸਰੋਤ/ਫਾਈਲ (resource/file) ਦੀ ਪੂਰੀ ਲੋਕੇਸ਼ਨ ਨੂੰ ਦਰਸਾਉਂਦਾ ਹੈ।
ੳ. ਰੈਲੇਟਿਵ **ਅ. ਸੰਪੂਰਨ** ੲ. ਅੰਦਰੂਨੀ ਸ. ਬਾਹਰੀ

18.ਕਿਹੜਾ ਟੈਗ HTML ਡਾਕੂਮੈਂਟ ਵਿਚ ਤਸਵੀਰ (Image) ਦਾਖਲ ਕਰਨ ਲਈ ਵਰਤਿਆ ਜਾਂਦਾ ਹੈ?
ੳ. <Picture> ਅ. <pic> ੲ. <image> **ਸ. <img>**

19.ਹੇਠ ਲਿਖੇ ਵਿੱਚੋਂ ਕਿਹੜਾ ਐਟਰੀਬਿਊਟ HTML ਦੇ ਐਂਕਰ ਟੈਗ ਦੁਆਰਾ ਨਹੀਂ ਵਰਤਿਆ ਜਾਂਦਾ?
ੳ. HREF **ਅ. SRC** ੲ. TARGET ਸ. TITLE

20. ਇੱਕ _____________ਲਿੰਕ ਮੂਲ ਰੂਪ ਵਿੱਚ ਅੰਡਰਲਾਈਨ ਅਤੇ ਜਾਮਨੀ (purple) ਰੰਗ ਵਿੱਚ ਦਿਖਾਇਆ ਜਾਂਦਾ ਹੈ।
ੳ. ਅਨਵਿਜ਼ਟਿਡ ਲਿੰਕ **ਅ.ਵਿਜ਼ਟਿਡ ਲਿੰਕ** ੲ. ਐਕਟਿਵ ਲਿੰਕ ਸ. ਕੋਈ ਨਹੀਂ

21.ਵੈਬ ਸਰਵਰ ਨੂੰ ਫਾਰਮ - ਡੇਟਾ ਭੇਜਣ ਲਈ ਕਿਹੜੀ HTTP ਵਿਧੀ ਵਰਤੀ ਜਾਂਦੀ ਹੈ?
ੳ. GET ਅਤੇ SET **ਅ. GET ਅਤੇ POST** ੲ. POST ਅਤੇ SEND ਸ. GET ਅਤੇ SEND

22.ਹੇਠ ਲਿਖਿਆਂ ਵਿੱਚੋਂ ਕਿਹੜਾ ਫਾਰਮ ਕੰਟਰੋਲ ਵੈਬ ਪੇਜ ਵਿੱਚ ਟੈਕਸਟ ਦੀਆਂ ਕਈ ਲਾਈਨਾਂ ਨੂੰ ਸਵੀਕਾਰ ਕਰਨ ਲਈ ਵਰਤਿਆ ਜਾਂਦਾ ਹੈ?
ੳ. ਟੈਕਸਟਬਾਕਸ ਅ. ਡਰਾਪਡਾਊਨ ਬਾਕਸ ੲ. ਪਾਸਵਰਡ ਫੀਲਡ **ਸ. ਟੈਕਸਟ-ਏਰਆ**

23. ਓਪਰੇਟਿੰਗ ਸਿਸਟਮ ਇਕ _________________ ਹੈ।
ੳ. ਟਰਮੀਨਲ **ਅ.ਸਿਸਟਮ ਸਾਫਟਵੇਅਰ** ੲ. ਐਪਲੀਕੇਸ਼ਨ ਸਾਫਟਵੇਅਰ ਸ. ਪ੍ਰੋਸੈਸਰ

24. _____ਦਾ ਅਰਥ ਹੈ ਕਈ ਪ੍ਰੋਗਰਾਮਾਂ ਨੂੰ ਇੱਕੋ ਸਮੇਂ ਮੁੱਖ ਮੈਮੋਰੀ ਦੇ ਵੱਖ ਵੱਖ ਹਿੱਸਿਆਂ ਵਿਚ ਰੱਖਣਾ ਅਤੇ ਉਹਨਾਂ ਨੂੰ ਇਕ-ਇਕ ਕਰਕੇ ਚਲਾਉਣਾ।
ੳ. ਮਲਟੀ-ਐਪਲੀਕੇਸ਼ਨ ਅ. ਮਲਟੀ-ਪ੍ਰੋਸੈਸਿੰਗ **ੲ. ਮਲਟੀ-ਪ੍ਰੋਗਰਾਮਿੰਗ** ਸ. ਮਲਟੀ-ਟਾਈਮਿੰਗ

25. __________ ਦੇ ਯੂਜ਼ਰਜ਼ ਦਾ ਕੰਪਿਊਟਰ ਸਿਸਟਮ ਨਾਲ ਸਿੱਧਾ ਸੰਪਰਕ ਨਹੀਂ ਹੁੰਦਾ।
**ੳ. ਬੈਚ ਪ੍ਰੋਸੈਸਿੰਗ ਸਿਸਟਮ** ਅ. ਟਾਈਮ ਸ਼ੇਅਰਿੰਗ ਸਿਸਟਮ
ੲ. ਨੈਟਵਰਕ ਓਪਰੇਟਿੰਗ ਸਿਸਟਮ ਸ.ਡਿਸਟ੍ਰੀਬਿਊਟਡ ਸਿਸਟਮ

26.______ਇੰਟਰਨੈਟ ਅਤੇ ਸਾਡੇ ਲੋਕਲ ਏਰੀਆ ਨੈਟਵਰਕ ਦੇ ਵਿੱਚਕਾਰ ਇੱਕ ਸੁਰੱਖਿਆ ਗਾਰਡ ਵਜੋਂ ਕੰਮ ਕਰਦੀ ਹੈ।
ੳ. ਓਪਰੇਟਿੰਗ ਸਿਸਟਮ ਅ. ਪ੍ਰੋਸੈਸਰ **ੲ. ਫਾਇਰਵਾਲ** ਸ. ਸੁਰੱਖਿਆ ਖਤਰੇ

27. GUI ਦਾ ਪੂਰਾ ਨਾਂ ___________________ ਹੈ।
ੳ. ਗ੍ਰਾਫ ਯੂਜ਼ਰ ਇੰਟਰਫੇਸ ਅ. ਗ੍ਰਾਫਿਕਸ ਯੂਜ਼ਰ ਇੰਟਰਫੇਸ
**ੲ. ਗ੍ਰਾਫੀਕਲ ਯੂਜ਼ਰ ਇੰਟਰਫੇਸ** ਸ. ਕੋਈ ਨਹੀਂ

28. ਉਹ ਪ੍ਰੋਗਰਾਮਾਂ ਜਿਨ੍ਹਾਂ ਦੀ ਵਰਤੋਂ ਕਿਤਾਬਾਂ, ਰਸਾਲਿਆਂ, ਅਖ਼ਬਾਰਾਂ, ਫਲਾਇਰ, ਪੈਂਫਲੈਟਸ ਅਤੇ ਹੋਰ ਬਹੁਤ ਸਾਰੇ ਪ੍ਰਿੰਟਿਡ ਡਾਕੂਮੈਂਟਸ ਨੂੰ ਬਣਾਉਣ ਲਈ ਕੀਤੀ ਜਾ ਸਕਦੀ ਹੈ, ਉਨ੍ਹਾਂ ਨੂੰ ਕੀ ਕਿਹਾ ਜਾਂਦਾ ਹੈ?
ੳ. ਡੈਸਕ ਪਬਲੀਸ਼ਿੰਗ **ਅ. ਡੈਸਕਟਾਪ ਪਬਲੀਸ਼ਿੰਗ** ੲ. ਟਾਪ ਪਬਲੀਸ਼ਿੰਗ ਸ. ਪਬਲੀਸ਼ਿੰਗ

29._____ਇੱਕ ਅਜਿਹਾ ਸਿਸਟਮ ਹੈ ਜੋ ਸਾਨੂੰ ਇਹ ਦਰਸਾਉਂਦਾ ਹੈ ਕਿ ਜਦੋਂ ਅਸੀਂ ਕਿਸੇ ਡਾਕੂਮੈਂਟ ਨੂੰ ਪ੍ਰਿੰਟ ਕਰਾਂਗੇ ਤਾਂ ਇਹ ਕਿਹੋ ਜਿਹਾ ਦਿਖਾਈ ਦੇਵੇਗਾ।
ੳ. WYSWJKI ਅ. WKSWUG ੲ. WUSIWUG **ਸ. WYSIWYG**

30. _____________ ਇੱਕ ਪੈਰੀਫਿਰਲ (Peripheral) ਮਸ਼ੀਨ ਹੈ ਜੋ ਕੰਪਿਊਟਰ ਤੋਂ ਡਾਟਾ ਪ੍ਰਾਪਤ ਕਰਦੀ ਹੈ ਅਤੇ ਗ੍ਰਾਫਿਕਸ ਜਾਂ ਟੈਕਸਟ ਦੇ ਰੂਪ ਵਿੱਚ ਇੱਕ ਪੇਪਰ ਤੇ ਆਉਟਪੁੱਟ ਤਿਆਰ ਕਰਦੀ ਹੈ।
ੳ. ਫਰੇਮ (Frame) **ਅ.ਪ੍ਰਿੰਟਰ (Printer)** ੲ. ਫੌਂਟ (Font) ਸ.ਪਲੋਟਰ (Plotter)

31. ____________ ਗ੍ਰਾਫਿਕਸ ਅਤੇ ਟੈਕਸਟ ਦਾਖਲ ਕਰਨ ਲਈ ਆਇਤਾਕਾਰ ਖੇਤਰ (Rectangular Areas) ਹੁੰਦੇ ਹਨ।
ੳ. ਆਇਤ (Rectangle) **ਅ. ਫਰੇਮ (Frame)** ੲ. ਸਟਰਕਚਰ (Structure) ਸ. ਫੌਂਟ (Font)

32. _________ਕਿਸੇ ਵਸਤੂ ਦੀ ਤਸਵੀਰ ਜਾਂ ਵਿਜ਼ੂਅਲ ਪ੍ਰਤੀਨਿਧਤਾ (Visual Representation) ਹੁੰਦੀ ਹੈ।
ੳ. ਚਾਰਟ **ਅ. ਗ੍ਰਾਫਿਕਸ** ੲ. ਫਰੇਮ ਸ. ਫੌਂਟ

33. ਇਹਨਾਂ ਵਿੱਚੋਂ ਕਿਹੜਾ ਡੈਸਟਾਪ ਪਬਲੀਸ਼ਿੰਗ ਸਾਫਟਵੇਅਰ ਦੀ ਉਦਾਹਰਣ ਨਹੀਂ ਹੈ?
ੳ. ਕੋਰਲ ਡਰਾਅ **ਅ. ਵਰਡ ਪ੍ਰੋਸੈਸਰ** ੲ. GIMP ਸ. ਐਡੋਬ ਫੋਟੋਸ਼ਾਪ

34. ਆਕਰਸ਼ਕ ਇਸ਼ਤਿਹਾਰਬਾਜ਼ੀ ਅਤੇ ਪ੍ਰਚਾਰ ਸਮੱਗਰੀ ਦੇ ਡਿਜ਼ਾਈਨ ਅਤੇ ਉਤਪਾਦਨ ਲਈ ਵਰਤੀ ਜਾਣ ਵਾਲੀ ਇੱਕ ਐਪਲੀਕੇਸ਼ਨ ਦੀ ਚੋਣ ਕਰੋ:
ੳ. ਵਰਡ-ਪ੍ਰੋਸੈਸਰ ਅ. ਸਪ੍ਰੈਡਸ਼ੀਟ **ੲ. ਪਬਲੀਸ਼ਰ** ਸ. ਪ੍ਰੈਜ਼ਨਟੇਸ਼ਨ

35. ਪਬਲੀਕੇਸ਼ਨ ਦਾ ਪਹਿਲਾਂ ਤੋਂ ਪਰਿਭਾਸ਼ਿਤ ਮਾਡਲ __________ ਹੁੰਦਾ ਹੈ।
**ੳ. ਟੈਂਪਲੇਟ** ਅ. ਕਲਿੱਪਆਰਟ ੲ. ਓਬਜੈਕਟ ਸ. ਸਟਾਈਲ

36. ਅੱਜ-ਕੱਲ੍ਹ ਦੇ ਬਰੋਸ਼ਰ ਇਲੈਕਟ੍ਰੋਨਿਕ ਫਾਰਮੈਟ ਵਿੱਚ ਵੀ ਉਪਲਬਧ ਹਨ, ਇਹਨਾਂ ਨੂੰ _______ਕਿਹਾ ਜਾਂਦਾ ਹੈ।
**ੳ. ਈ-ਬਰੋਸ਼ਰਜ਼** ਅ. ਐਮ-ਬਰੋਸ਼ਰਜ਼ ੲ. ਟੀ-ਬਰੋਸ਼ਰਜ਼ ਸ. ਕੇ-ਬਰੋਸ਼ਰਜ਼

37. _____________ ਇੱਕ ਪ੍ਰਿੰਟਿਡ ਹੈਡਿੰਗ ਨਾਲ ਸਟੇਸ਼ਨਰੀ ਹੁੰਦੀ ਹੈ। ਹੈਡਿੰਗ ਵਿੱਚ ਆਮ ਤੌਰ ਤੇ ਇੱਕ ਨਾਮ, ਇੱਕ ਐਡਰੈਸ ਅਤੇ ਇੱਕ ਲੋਗੋ ਸ਼ਾਮਲ ਹੁੰਦਾ ਹੈ।
**ੳ. ਲੈਟਰਹੈੱਡ** ਅ. ਪ੍ਰੋਗਰਾਮ ੲ. ਇਨਵੀਟੇਸ਼ਨ ਕਾਰਡ ਸ. ਕੈਟਾਲਾਗ

38.ਰਿਜ਼ਿਊਮ ਤੋਂ ਲੰਬਾ ਕੀ ਹੁੰਦਾ ਹੈ ਜੋ ਘੱਟੋ ਘੱਟ ਦੋ ਜਾਂ ਤਿੰਨ ਪੇਜਾਂ ਵਿਚ ਹੁੰਦਾ ਹੈ?
**ੳ. ਕਰਿਕਿਊਲਮ ਵਿਟੇ (CV)** ਅ. ਬੈਨਰ ੲ. ਇਨਵਟੀਟੇਸ਼ਨ ਕਾਰਡ ਸ. ਕੈਟਾਲਾਗ

## ਖਾਲੀ ਥਾਵਾਂ:

1.ਐਪਲੀਕੇਸ਼ਨ ਸਾਫ਼ਟਵੇਅਰਜ਼ ਨੂੰ **ਐਂਡ-ਯੂਜ਼ਰ ਐਪਲੀਕੇਸ਼ਨਜ** ਵੀ ਕਿਹਾ ਜਾਂਦਾ ਹੈ।

2.ਸਿਸਟਮ ਸਾਫ਼ਟਵੇਅਰ ਆਮ ਤੌਰ ਤੇ **ਲੋਅ** ਲੈਵਲ ਕੰਪਿਊਟਰ ਪ੍ਰੋਗਰਾਮਿੰਗ ਭਾਸ਼ਾਵਾਂ ਵਿੱਚ ਲਿਖੇ ਜਾਂਦੇ ਹਨ।

3.ਵੱਖ-ਵੱਖ ਤਰ੍ਹਾਂ ਦੇ ਆਫਿਸ ਟੂਲਜ਼ **ਐਪਲੀਕੇਸ਼ਨ** ਸਾਫ਼ਟਵੇਅਰਾਂ ਦੀ ਸ਼੍ਰੇਣੀ ਵਿੱਚ ਆਉਂਦੇ ਹਨ।

4.**ਸਪ੍ਰੈਡਸ਼ੀਟ** ਇੱਕ ਅਜਿਹਾ ਸਾਫਟਵੇਅਰ ਹੈ ਜੋ ਟੇਬੂਲਰ ਡਾਟਾ ਨੂੰ ਆਸਾਨੀ ਨਾਲ ਪ੍ਰੋਸੈਸ ਕਰਨ ਅਤੇ ਉਸਦਾ ਵਿਸ਼ਲੇਸ਼ਣ ਕਰਨ ਦੀ ਆਗਿਆ ਦਿੰਦਾ ਹੈ।

5. **ਗੂਗਲ ਡੌਕਸ** ਇੱਕ ਮੁਫਤ ਆਨ-ਲਾਈਨ ਵਰਡ ਪ੍ਰੋਸੈਸਰ ਹੈ।

6. ਪੇਅਰਡ ਟੈਗਜ਼ ਨੂੰ **ਕੰਟੇਨਰ** ਟੈਗਜ਼ ਵੀ ਕਿਹਾ ਜਾਂਦਾ ਹੈ।

7.**Body** ਭਾਗ ਵਿੱਚ ਉਹ ਸਾਰੇ ਕੰਟੈਂਟਸ ਸ਼ਾਮਲ ਹੁੰਦੇ ਹਨ ਜੋ ਵੈੱਬਪੇਜ਼ ਉੱਪਰ ਯੂਜ਼ਰ ਨੂੰ ਪ੍ਰਦਰਸ਼ਿਤ ਕੀਤੇ ਜਾਂਦੇ ਹਨ।

8. <! DOCTYPE html> ਟੈਗ HTML ਦੇ **ਵਰਜ਼ਨ 5** ਨੂੰ ਬਿਆਨ ਕਰਦਾ ਹੈ।

9.**<BR>** ਟੈਗ ਦੀ ਵਰਤੋਂ ਸਿੰਗਲ ਲਾਈਨ ਬ੍ਰੇਕ ਦਾਖਲ ਕਰਨ ਲਈ ਕੀਤੀ ਜਾਂਦੀ ਹੈ।

10.**<SUB>** ਟੈਗ ਦੀ ਵਰਤੋਂ HTML ਡਾਕੂਮੈਂਟ ਵਿੱਚ ਸਬਸਕ੍ਰਿਪਟ (subscript) ਦਾਖਲ ਕਰਨ ਲਈ ਕੀਤੀ ਜਾਂਦੀ ਹੈ।

11.**ਬੈਕਗ੍ਰਾਊਂਡ** ਐਟਰੀਬਿਊਟ ਦੀ ਵਰਤੋਂ HTML ਡਾਕੂਮੈਂਟ ਦੀ ਬੈਕਗ੍ਰਾਊਂਡ ਉੱਪਰ ਤਸਵੀਰ ਸੈੱਟ ਕਰਨ ਲਈ ਕੀਤੀ ਜਾਂਦੀ ਹੈ।

12 .HTML ਡਾਕੂਮੈਂਟਸ ਵਿੱਚ ਅਸੀਂ **3** ਵੱਖ-ਵੱਖ ਕਿਸਮਾਂ ਦੀਆਂ ਲਿਸਟਾਂ ਬਣਾ ਸਕਦੇ ਹਾਂ।

13. **ਅਨਆਰਡਰਡ** ਲਿਸਟਾਂ ਵਿੱਚ ਸਾਰੀਆਂ ਲਿਸਟ ਆਈਟਮਾਂ ਨੂੰ ਬੁਲੇਟਸ ਨਾਲ ਮਾਰਕ ਕੀਤਾ ਜਾਂਦਾ ਹੈ।

14. **ਨੈਸਿਟਡ** ਲਿਸਟ ਇੱਕ ਲਿਸਟ ਦੇ ਅੰਦਰ ਇੱਕ ਹੋਰ ਲਿਸਟ ਹੁੰਦੀ ਹੈ।

15. **<TH>** ਟੈਗ ਦੀ ਵਰਤੋਂ ਟੇਬਲ ਹੈਡਿੰਗਜ਼ ਨੂੰ ਪਰਿਭਾਸ਼ਤ ਕਰਨ ਲਈ ਕੀਤੀ ਜਾਂਦੀ ਹੈ।

16.ਅਸੀਂ **Valign** ਐਟਰੀਬਿਊਟ ਦੀ ਵਰਤੋਂ ਕਰਕੇ ਸਿਰਫ ਸੈੱਲ-ਕੰਟੈਂਟਸ ਦੀ ਹੀ ਖੜ੍ਹਵੇਂ ਰੂਪ ਵਿਚ ਅਲਾਈਨਮੇਂਟ ਸੈੱਟ ਕਰ ਸਕਦੇ ਹਾਂ।

17. **Cellpadding** ਸੈੱਲ ਬਾਰਡਰ ਅਤੇ ਸੈੱਲ ਕੰਟੈਂਟਸ ਵਿਚਕਾਰ ਦੀ ਦੂਰੀ ਨੂੰ ਦਰਸਾਉਂਦਾ ਹੈ।

18. ਸੰਬੰਧਤ ਪਾਥਸ (Relative Paths) ਵਿੱਚ **/** ਡੀਲਿਮਿਟਰ ਮੌਜੂਦਾ ਵਰਕਿੰਗ ਫਾਈਲ ਦੇ ਪੇਰੈਂਟ ਫੋਲਡਰ ਵੱਲ ਇਸ਼ਾਰਾ ਕਰਦਾ ਹੈ।

19. ਹਰੇਕ ਇਮੇਜ਼ ਟੈਗ ਵਿੱਚ ਇੱਕ **SRC** ਐਟਰੀਬਿਊਟ ਹੁੰਦਾ ਹੈ ਜੋ ਵੈਬ-ਬ੍ਰਾਉਜ਼ਰ ਨੂੰ ਇਹ ਦੱਸਦਾ ਹੈ ਕਿ ਉਹ ਤਸਵੀਰ ਜੋ ਅਸੀਂ ਵੈਬ ਪੇਜ਼ ਵਿਚ ਪ੍ਰਦਰਸ਼ਿਤ ਕਰਨਾ ਚਾਹੁੰਦੇ ਹਾਂ, ਨੂੰ ਕਿੱਥੋਂ ਲੱਭਣਾ ਹੈ।

20. ਨੇਮਡ ਐਂਕਰਜ਼ ਨੂੰ **ਬੁੱਕਮਾਰਕਸ** ਵੀ ਕਿਹਾ ਜਾਂਦਾ ਹੈ।

21. ਜੇਕਰ **POST** HTTP ਵਿਧੀ ਨਾਲ ਫਾਰਮ ਸਬਮਿਟ ਕੀਤਾ ਜਾਂਦਾ ਹੈ ਤਾਂ ਵੈਬਪੇਜ਼ ਦੇ ਨਤੀਜੇ ਨੂੰ ਬੁੱਕਮਾਰਕ ਨਹੀਂ ਕੀਤਾ ਜਾ ਸਕਦਾ।

22. **ਯੋਜਨਾਬੰਦੀ** ਵੈਬਸਾਈਟ ਨੂੰ ਪੂਰਾ ਕਰਨ ਦੇ ਕਾਰਜਾਂ ਨੂੰ ਤਰਜੀਹ (prioritize) ਦੇਣ ਤੋਂ ਇਲਾਵਾ ਕੁਝ ਨਹੀਂ ਹੁੰਦੀ।

23. ਟਾਈਮ ਸ਼ੇਅਰਿੰਗ ਓਪਰੇਟਿੰਗ ਸਿਸਟਮ ਵਿੱਚ ਹਰੇਕ ਯੂਜ਼ਰ ਨੂੰ ਦਿੱਤਾ ਗਿਆ CPU ਦਾ ਥੋੜ੍ਹਾ ਜਿਹਾ ਸਮਾਂ **ਟਾਈਮ ਸਲਾਈਸ** ਅਖਵਾਉਂਦਾ ਹੈ।

24. **ਪ੍ਰੋਟੈਕਸ਼ਨ** ਇਕ ਅਜਿਹੀ ਵਿਧੀ ਹੈ ਜੋ ਪ੍ਰੋਗਰਾਮਾਂ, ਪ੍ਰੋਸੈਸਾਂ, ਜਾਂ ਯੂਜ਼ਰਜ਼ ਦੁਆਰਾ ਕੰਪਿਊਟਰ ਸਿਸਟਮ ਦੇ ਸਰੋਤਾਂ ਤੱਕ ਅਸੈਸ ਨੂੰ ਕੰਟਰੋਲ ਕਰਦੀ ਹੈ।

25. **ਓਪਰੇਟਿੰਗ ਸਿਸਟਮ** ਇੱਕ ਅਜਿਹਾ ਪ੍ਰੋਗਰਾਮ ਹੈ ਜੋ ਯੂਜ਼ਰ ਅਤੇ ਕੰਪਿਊਟਰ ਹਾਰਡਵੇਅਰ ਵਿੱਚਕਾਰ ਇੱਕ ਇੰਟਰਫੇਸ ਦੇ ਤੌਰ ਤੇ ਕੰਮ ਕਰਦਾ ਹੈ।

26. **ਕੰਪਿਊਟਰ ਵਾਇਰਸ** ਆਪਣੇ ਆਪ ਨੂੰ ਦੁਹਰਾਉਂਦੇ (Replicate) ਹਨ ਅਤੇ ਸਾਡੇ PC ਦੀਆਂ ਫਾਈਲਾਂ ਅਤੇ ਪ੍ਰੋਗਰਾਮਾਂ ਨੂੰ ਸੰਕਰਮਿਤ (Infect) ਕਰਦੇ ਹਨ ਅਤੇ ਉਹਨਾਂ ਨੂੰ ਗੈਰ-ਕਾਰਜਸ਼ੀਲ (Non-Functional) ਬਣਾ ਸਕਦੇ ਹਨ।

27. ਕੰਪਿਊਟਰ ਅਤੇ ਸਾਫਟਵੇਅਰਾਂ ਦੀ ਵਰਤੋਂ ਕਰਦੇ ਹੋਏ ਵਿਚਾਰਾਂ (ideas) ਅਤੇ ਜਾਣਕਾਰੀ (information) ਦੇ ਵਿਜ਼ੁਅਲ ਡਿਸਪਲੇ ਬਣਾਉਣਾ **ਡੈਸਕਟਾਪ ਪਬਲੀਸ਼ਿੰਗ** ਅਖਵਾਉਂਦਾ ਹੈ।

28. **ਮਾਰਜ਼ਿਨ** ਇੱਕ ਪੇਜ਼ ਦੀ ਮੁੱਖ ਸਮੱਗਰੀ (content) ਅਤੇ ਇਸਦੇ ਕਿਨਾਰਿਆਂ (edges) ਦੇ ਵਿਚਕਾਰ ਦੀ ਖਾਲੀ ਜਗ੍ਹਾ ਹੁੰਦੀ ਹੈ।

29. **ਫੌਂਟ** ਟੈਕਸਟ ਦੀ ਗ੍ਰਾਫੀਕਲ ਪ੍ਰਤੀਨਿਧਤਾ (graphical representation) ਹੈ ਜਿਸ ਵਿੱਚ ਇੱਕ ਵੱਖਰਾ ਟਾਈਪਫੇਸ (typeface), ਪੁਆਇੰਟ-ਸਾਈਜ਼ (point size), ਭਾਰ (weight), ਰੰਗ ਜਾਂ ਡਿਜ਼ਾਇਨ ਸ਼ਾਮਲ ਹੋ ਸਕਦਾ ਹੈ।

30. ਗ੍ਰਾਫਿਕਸ ਸਾਫਟਵੇਅਰ ਵਿੱਚ **ਲੇਅਰਜ਼** ਵੱਖੋ ਵੱਖਰੇ ਲੇਵਲ ਹੁੰਦੇ ਹਨ ਅਤੇ ਇਨ੍ਹਾਂ ਵਿਚ ਕੋਈ ਵਸਤੂ (object) ਜਾਂ ਇਮੇਜ਼ ਫਾਈਲ ਦਾਖਲ ਕੀਤੀ ਜਾ ਸਕਦੀ ਹੈ।

31. **ਇੰਪੈਕਟ ਪ੍ਰਿੰਟਰ** ਉਹ ਪ੍ਰਿੰਟਰ ਹੁੰਦੇ ਹਨ ਜਿਨ੍ਹਾਂ ਵਿੱਚ ਪ੍ਰਿੰਟ-ਹੈਡ ਕਾਗਜ਼ ਉਪਰ ਸਟ੍ਰਾਈਕ ਕਰਕੇ (striking print-head) ਅੱਖਰਾਂ ਜਾਂ ਗ੍ਰਾਫਿਕਸ ਨੂੰ ਪ੍ਰਿੰਟ ਕਰਦੇ ਹਨ।

32.ਇਸ਼ਤਿਹਾਰਬਾਜ਼ੀ (Advertising) ਦਾ ਮਤਲਬ ਹੈ ਕਿ ਕਿਵੇਂ ਇੱਕ ਕੰਪਨੀ ਲੋਕਾਂ ਨੂੰ ਉਨ੍ਹਾਂ ਦੇ **ਉਤਪਾਦਾਂ**, ਸੇਵਾਵਾਂ ਜਾਂ ਵਿਚਾਰਾਂ ਨੂੰ ਖਰੀਦਣ ਲਈ ਉਤਸ਼ਾਹਤ ਕਰਦੀ ਹੈ।

33.**ਨਿਊਜ਼ਲੈਟਰ** ਇੱਕ ਪ੍ਰਿੰਟਿੰਡ ਰਿਪੋਰਟ ਹੁੰਦੀ ਹੈ ਜਿਸ ਵਿੱਚ ਕਿਸੇ ਕਾਰੋਬਾਰ ਜਾਂ ਕਿਸੇ ਸੰਗਠਨ ਦੀਆਂ ਗਤੀਵਿਧੀਆਂ ਦੀ ਖ਼ਬਰ ਜਾਂ ਜਾਣਕਾਰੀ ਹੁੰਦੀ ਹੈ।

34. ਕਾਰੋਬਾਰੀ ਕਾਰਡ ਉਹ ਕਾਰਡ ਹੁੰਦੇ ਹਨ ਜਿਨ੍ਹਾਂ ਵਿੱਚ **ਵਿਅਕਤੀ** ਜਾਂ **ਕੰਪਨੀ** ਬਾਰੇ ਕਾਰੋਬਾਰੀ ਜਾਣਕਾਰੀ ਹੁੰਦੀ ਹੈ।

35. ਇੱਕ ਰਿਜ਼ਿਊਮ ਸਾਡੀ **ਸਿੱਖਿਆ**, ਕੰਮ ਦੇ ਇਤਿਹਾਸ (Work History), ਪ੍ਰਮਾਣ ਪੱਤਰਾਂ ਅਤੇ ਹੋਰ ਪ੍ਰਾਪਤੀਆਂ ਅਤੇ ਹੁਨਰਾਂ ਦਾ ਸਾਰਾਂਸ਼ ਪ੍ਰਦਾਨ ਕਰਦਾ ਹੈ।

36. **ਰਿਜ਼ਿਊਮ** ਨੌਕਰੀ ਦੀਆਂ ਅਰਜ਼ੀਆਂ ਵਿੱਚ ਬਿਨੈਕਾਰਾਂ (Applicants) ਵੱਲੋਂ ਦਿੱਤਾ ਜਾਣ ਵਾਲਾ ਇੱਕ ਆਮ ਡਾਕੂਮੈਂਟ ਹੁੰਦਾ ਹੈ।

**ਸਹੀ/ਗਲਤ:**

1. ਟਾਈਟਲੀ-ਕਪਲਡ ਸਿਸਟਮਾਂ ਵਿਚ ਇਕੋ ਪ੍ਰਾਇਮਰੀ ਮੈਮੋਰੀ ਹੁੰਦੀ ਹੈ, ਜੋ ਸਾਰੇ ਪ੍ਰੋਸੈਸਰਾਂ ਦੁਆਰਾ ਸ਼ੇਅਰ ਕੀਤੀ ਜਾਂਦੀ ਹੈ। **ਸਹੀ**

2. ਮਲਟੀ-ਯੂਜ਼ਰ ਓਪਰੇਟਿੰਗ ਸਿਸਟਮ ਇੱਕ ਅਜਿਹਾ ਸਿਸਟਮ ਹੁੰਦਾ ਹੈ ਜਿਸ ਵਿਚ ਇੱਕ ਸਮੇਂ ਸਿਰਫ ਇੱਕ ਹੀ ਯੂਜ਼ਰ ਕੰਪਿਊਟਰ ਸਿਸਟਮ ਨੂੰ ਅਸੈਸ ਕਰ ਸਕਦਾ ਹੈ। **ਗਲਤ**

3.Confidentiality (ਗੁਪਤਤਾ) ਇਹ ਸੁਨਿਸ਼ਚਿਤ ਕਰਦੀ ਹੈ ਕਿ ਐਕਸਚੇਂਜ ਕੀਤਾ ਗਿਆ ਡਾਟਾ ਅਣਅਧਿਕਾਰਤ (Unauthorized) ਯੂਜ਼ਰਜ਼ ਤੱਕ ਨਾ ਪਹੁੰਚੇ। **ਸਹੀ**

4. ਫਾਇਰਵਾਲ ਸਾਡੇ PC ਉਪਰ ਅਣਅਧਿਕਾਰਤ ਅਸੈਸ ਨੂੰ ਰੋਕ ਨਹੀਂ ਸਕਦੀ। **ਗਲਤ**

5. ਐਂਟੀ-ਮਾਲਵੇਅਰ ਕੰਪਿਊਟਰ ਪ੍ਰੋਗਰਾਮ ਹੁੰਦੇ ਹਨ ਜੋ ਮਾਲਵੇਅਰਜ਼ ਨੂੰ ਰੋਕਣ, ਲੱਭਣ ਅਤੇ ਖਤਮ ਕਰਨ ਲਈ ਵਰਤੇ ਜਾਂਦੇ ਹਨ। **ਸਹੀ**

6.ਟੈਂਪਲੇਟ ਇੱਕ ਅਜਿਹਾ ਟੂਲ ਹੈ ਜੋ ਪਬਲੀਸ਼ਰ ਵਿੱਚ ਵਰਤਿਆ ਜਾਂਦਾ ਹੈ ਤਾਂ ਜੋ ਅਸਾਨੀ ਨਾਲ ਬੁਨਿਆਦੀ ਪਬਲੀਕੇਸ਼ਨਾਂ ਬਣਾਉਣ ਵਿੱਚ ਸਾਡੀ ਸਹਾਇਤਾ ਕਰਦਾ ਹੈ।**ਸਹੀ**

7.ਪਬਲੀਸ਼ਰ ਬੰਦ ਕਰਨ ਤੋਂ ਪਿਹਲਾਂ ਸਾਨੂੰ ਸਾਰੇ ਪਬਲੀਕੇਸ਼ਨ ਬੰਦ ਨਹੀਂ ਕਰਨੇ ਚਾਹੀਦੇ।**ਗਲਤ**

8.ਪ੍ਰਸੰਸਾ ਕਾਰਡ ਉੱਚ ਗੁਣਵੱਤਾ ਵਾਲਾ ਪ੍ਰਿੰਟਿੰਡ ਕਾਰਡ ਜਾਂ ਕਾਗਜ਼ ਦਾ ਇੱਕ ਟੁਕੜਾ ਹੁੰਦਾ ਹੈ ਜੋ ਇਸ਼ਤਿਹਾਰਬਾਜ਼ੀ ਲਈ ਵਰਤਿਆ ਜਾਂਦਾ ਹੈ। **ਗਲਤ**

9.ਕਿਸੇ ਵਿਅਕਤੀ ਨੂੰ ਉਸਦੀ ਪ੍ਰਾਪਤੀ, ਮੈਰਿਟ ਅਤੇ ਸਨਮਾਨ ਵੱਜੋਂ ਸਹੀ ਸਮੇਂ ਤੇ ਦਿਤੇ ਜਾਣ ਵਾਲੇ ਸਰਟੀਫਿਕੇਟ ਉਸ ਲਈ ਸ਼ਕਤੀਸ਼ਾਲੀ ਸਾਧਨ ਸਾਬਿਤ ਹੋ ਸਕਦੇ ਹਨ। **ਸਹੀ**

10.ਬਰੋਸ਼ਰ ਪ੍ਰਚਾਰ ਕਰਨ ਵਾਲੇ ਦਸਤਾਵੇਜ਼ ਹੁੰਦੇ ਹਨ ਜਿਨ੍ਹਾਂ ਨੂੰ ਮੁੱਖ ਤੌਰ ਤੇ ਕਿਸੇ ਕੰਪਨੀ, ਸੰਸਥਾ, ਉਤਪਾਦਾਂ (Products) ਜਾਂ ਸੇਵਾਵਾਂ ਨੂੰ ਲੋਕਾਂ ਅੱਗੇ ਪੇਸ਼ ਕਰਨ ਲਈ ਵਰਤਿਆ ਜਾਂਦਾ ਹੈ। **ਸਹੀ**

**ਪੂਰੇ ਰੂਪ:**

| | | | | | |
|---|---|---|---|---|---|
| <B> | ਬੋਲਡ ਟੈਗ | <UL> | ਅਨਆਰਡਰਡ ਲਿਸਟ | JPEG | ਜੁਆਇੰਟ ਫੋਟੋਗ੍ਰਾਫਿਕਸ ਐਕਸਪਰਟ ਗਰੁੱਪ |
| <I> | ਇਟਾਲਿਕ ਟੈਗ | <DL> | ਡੈਫੀਨੇਸ਼ਨ ਲਿਸਟ | HREF | ਹਾਈਪਰਟੈਕਸਟ ਰੈਫਰੈਂਸ |
| <U> | ਅੰਡਰਲਾਈਨ ਟੈਗ | <LI> | ਲਿਸਟ ਆਈਟਮ | SRC | ਸੋਰਸ |
| <S> | ਸਟਰਾਈਕਥਰੋ ਟੈਗ | <DT> | ਡੈਫੀਨੇਸ਼ਨ ਟਾਈਟਲ | <A> | ਐਂਕਰ ਟੈਗ |
| <P> | ਪੈਰਾਗ੍ਰਾਫ ਟੈਗ | <DD> | ਡੈਫੀਨੇਸ਼ਨ ਡਾਟਾ | <IMG> | ਇਮੇਜ਼ ਟੈਗ |
| <TT> | ਟੈਲੀਟਾਈਪ ਟੈਕਸਟ | <TR> | ਟੇਬਲ ਰੋਅ | DTP | ਡੈਸਕਟਾਪ ਪਬਲੀਸ਼ਿੰਗ |
| <HR> | ਹੋਰੀਜ਼ੋਨਟਲ ਰੂਲ | <TH> | ਟੇਬਲ ਹੈਡਿੰਗ | WYSIWYG | ਵੱਟ ਯੂ ਸੀਅ ਇਜ਼ ਵੱਟ ਯੂ ਗੈੱਟ |
| <BR> | ਬ੍ਰੇਕ ਲਾਈਨ | <TD> | ਟੇਬਲ ਡਾਟਾ | 3D | ਥ੍ਰੀ ਡਾਇਮੈਨਸ਼ਨਲ |
| <SUP> | ਸੁਪਰਸਕ੍ਰਿਪਟ | URL | ਯੂਨੀਫਾਰਮ ਰਿਸੋਰਸ ਲੋਕੇਟਰ | GIMP | GNU ਇਮੇਜ਼ ਮੈਨੀਪੁਲੇਸ਼ਨ ਪ੍ਰੋਗਰਾਮ |
| <SUB> | ਸਬਸਕ੍ਰਿਪਟ | GIF | ਗ੍ਰਾਫਿਕਸ ਇੰਟਰਚੇਂਜ਼ ਫਾਰਮੇਟ | DMP | ਡਾਟ ਮੈਟ੍ਰਿਕਸ ਪ੍ਰਿੰਟਰ |
| <OL> | ਆਰਡਰਡ ਲਿਸਟ | PNG | ਪੋਰਟੇਬਲ ਨੈਟਵਰਕ ਗ੍ਰਾਫਿਕਸ | GUI | ਗ੍ਰਾਫੀਕਲ ਯੂਜ਼ਰ ਇੰਟਰਫੇਸ |

**4 ਅੰਕਾਂ ਵਾਲੇ ਪ੍ਰਸ਼ਨ:**

**1.ਆਫਿਸ ਟੂਲਸ ਦੀ ਪਰਿਭਾਸ਼ਾ ਦਿਓ।**

ਉ: ਆਫਿਸ ਟੂਲਜ਼ ਵਿੱਚ ਕੁੱਝ ਐਪਲੀਕੇਸ਼ਨ ਸਾਫ਼ਟਵੇਅਰ ਸ਼ਾਮਲ ਹੁੰਦੇ ਹਨ। ਇਹ ਸਾਫ਼ਟਵੇਅਰ ਕੰਪਿਊਟਰ ਯੂਜ਼ਰਸ ਨੂੰ ਉਨ੍ਹਾਂ ਦੇ ਦਫ਼ਤਰੀ ਕੰਮ-ਕਾਜ ਵਿੱਚ ਵਧੇਰੇ ਕੁਸ਼ਲ ਬਣਾਉਣ ਅਤੇ ਕੰਮ ਦੀ ਉਤਪਾਦਕਾ ਵਧਾਉਣ ਲਈ ਤਿਆਰ ਕੀਤੇ ਗਏ ਹਨ। ਆਮ ਤੌਰ ਤੇ ਇਹ ਟੂਲਜ਼/ਸਾਫ਼ਟਵੇਅਰ ਦਸਤਾਵੇਜ਼ ਬਣਾਉਣ, ਅੱਪਡੇਟ ਕਰਨ, ਪ੍ਰਬੰਧਨ ਕਰਨ, ਵੱਡੀ ਮਾਤਰਾ ਵਿੱਚ ਡਾਟਾ ਨੂੰ ਸੰਭਾਲਣ, ਪ੍ਰੈਜ਼ਨਟੇਸ਼ਨ ਬਣਾਉਣ ਆਦਿ ਕੰਮਾਂ ਲਈ ਵਰਤੇ ਜਾਂਦੇ ਹਨ।

**2.ਐਪਲੀਕਸ਼ਨ ਸਾਫ਼ਟਵੇਅਰ ਕੀ ਹੁੰਦੇ ਹਨ?**

ਉ: ਐਪਲੀਕੇਸ਼ਨ ਸਾਫ਼ਟਵੇਅਰ ਨੂੰ ਐਂਡ-ਯੂਜ਼ਰ ਐਪਲੀਕੇਸ਼ਨਜ ਵੀ ਕਹਿੰਦੇ ਹਨ। ਇਹ ਸਾਫ਼ਟਵੇਅਰਜ਼ ਆਮ ਤੋਰ ਤੇ ਯੂਜ਼ਰਜ਼ ਲਈ ਖਾਸ ਕੰਮ ਕਰਨ ਲਈ ਡਿਜ਼ਾਈਨ ਕੀਤੇ ਗਏ ਹੁੰਦੇ ਹਨ। ਐਪਲੀਕੇਸ਼ਨ ਸਾਫ਼ਟਵੇਅਰ ਯੂਜ਼ਰਜ਼ ਵੱਲੋਂ ਉਨ੍ਹਾਂ ਦੀਆਂ ਜ਼ਰੂਰਤਾਂ ਅਨੁਸਾਰ ਵਰਤੇ ਜਾਂਦੇ ਹਨ। ਵੱਖ-ਵੱਖ ਯੂਜ਼ਰਜ਼ ਦੀਆਂ ਵੱਖੋ-ਵੱਖਰੀਆਂ ਜ਼ਰੂਰਤਾਂ ਹੁੰਦੀਆਂ ਹਨ। ਇਸ ਲਈ ਹਰੇਕ ਯੂਜ਼ਰ ਆਪਣੀਆਂ ਜ਼ਰੂਰਤਾਂ ਅਨੁਸਾਰ ਵੱਖ-ਵੱਖ ਕਿਸਮਾਂ ਦੇ ਸਾਫ਼ਟਵੇਅਰ ਵਰਤ ਸਕਦਾ ਹੈ।

**3.ਵਰਡ ਪ੍ਰੋਸੈਸਰ ਟੂਲਜ਼ ਦੀਆਂ ਕੁੱਝ ਉਦਾਹਰਨਾਂ ਲਿਖੋ।**

ਉ: 1.ਐਮ.ਐਸ.ਵਰਡ 2.ਵਰਡਪੈਡ 3.ਵਰਡ ਪਰਫੈਕਟ 4.ਗੂਗਲ ਡੌਕਸ

**4.ਮਲਟੀਮੀਡੀਆ ਟੂਲਜ ਬਾਰੇ ਲਿਖੋ।**

ਉ: ਮਲਟੀਮੀਡੀਆ ਸੰਚਾਰ ਦਾ ਹੀ ਇੱਕ ਢੰਗ ਹੈ ਜਿਸ ਵਿੱਚ ਵੱਖ-ਵੱਖ ਤਰ੍ਹਾਂ ਦੀ ਸਮੱਗਰੀ ਜਿਵੇਂ ਕਿ-ਟੈਕਸਟ,ਆਡੀਓ, ਚਿੱਤਰ,ਐਨੀਮੇਸ਼ਨ ਜਾਂ ਵੀਡੀਓ ਨੂੰ ਇੱਕਠਾ ਕਰਕੇ ਇੱਕ ਪ੍ਰੈਜ਼ਨਟੇਸ਼ਨ ਵਿੱਚ ਜੋੜਿਆ ਜਾਂਦਾ ਹੈ। ਮਲਟੀਮੀਡੀਆ ਟੈਕਸਟ, ਆਡੀਓ, ਚਿੱਤਰ, ਐਨੀਮੇਸ਼ਨ ਜਾਂ ਵੀਡੀਓ ਨੂੰ ਇੱਕਠਾ ਕਰਕੇ ਇੱਕ ਪ੍ਰੋਜ਼ਨਟੇਸ਼ਨ ਵਿੱਚ ਜੋੜਿਆ ਜਾਂਦਾ ਹੈ।

**5.ਗੂਗਲ ਡੌਕਸ (Google Docs) ਦਾ ਵਰਨਣ ਕਰੋ।**

ਉ: ਗੂਗਲ ਡੌਕਸ ਇੱਕ ਮੁਫਤ ਆਨ-ਲਾਈਨ ਵਰਡ-ਪ੍ਰੋਸੈਸਰ ਹੈ। ਇਹ ਡਾਕੂਮੈਂਟ ਬਣਾਉਣ ਅਤੇ ਐਡਿਟ ਕਰਨ ਲਈ ਇੱਕ ਵੈੱਬ-ਅਧਾਰਤ ਡਾਕੂਮੈਂਟ ਮੈਨੇਜ਼ਮੈਂਟ ਐਪਲੀਕੇਸ਼ਨ ਹੈ। ਇਹ ਰੀਅਲ-ਟਾਈਮ ਆਨਲਾਈਨ ਵਰਡ ਪ੍ਰੋਸੈਸਿੰਗ ਵਿੱਚ ਸਾਡੀ ਮਦਦ ਕਰਦਾ ਹੈ। ਗੂਗਲ ਡੌਕਸ ਵਿੱਚ ਬਣਾਈਆਂ ਗਈਆਂ ਫਾਈਲਾਂ ਨੂੰ ਸਾਰੇ ਮੁੱਖ ਫਾਈਲ ਫਾਰਮੈਟਸ .docx,.pdf, .txt,ਅਤੇ .html ਵਿੱਚ ਐਕਸਪੋਰਟ ਕੀਤਾ ਜਾ ਸਕਦਾ ਹੈ।

**6. ਡੈਫੀਨੇਸ਼ਨ ਲਿਸਟ ਕੀ ਹੁੰਦੀ ਹੈ?**

ਉੱਤਰ: ਡੈਫੀਨੇਸ਼ਨ ਲਿਸਟ ਨੂੰ ਡਿਸਕ੍ਰੀਪਸ਼ਨ ਲਿਸਟ ਵੀ ਕਿਹਾ ਜਾਂਦਾ ਹੈ। ਇਹ ਆਈਟਮਾਂ ਦੀ ਉਹ ਲਿਸਟ ਹੁੰਦੀ ਹੈ ਜਿਸ ਵਿਚ ਹਰੇਕ ਆਈਟਮ ਜਾਂ ਸ਼ਬਦ ਦਾ ਵਰਨਣ ਜਾਂ ਪਰਿਭਾਸ਼ਾ ਦਿਤੀ ਗਈ ਹੁੰਦੀ ਹੈ। ਇਸ ਲਿਸਟ ਵਿੱਚ ਆਈਟਮਾਂ ਨੂੰ ਡਿਕਸ਼ਨਰੀ ਵਾਂਗ ਸੂਚੀਬੱਧ ਕੀਤਾ ਗਿਆ ਹੁੰਦਾ ਹੈ। HTML ਵਿੱਚ ਡੈਫੀਨੇਸ਼ਨ ਲਿਸਟ ਬਣਾਉਣ ਲਈ <DL> ਟੈਗ ਦੀ ਵਰਤੋਂ ਕੀਤੀ ਜਾਂਦੀ ਹੈ। ਡੈਫੀਨੇਸ਼ਨ ਲਿਸਟ ਵਿੱਚ ਹਰੇਕ ਲਿਸਟ-ਆਈਟਮ ਵਿੱਚ ਦੋ ਐਂਟਰੀਆਂ ਹੁੰਦੀਆਂ ਹਨ:

1.ਡੈਫੀਨੇਸ਼ਨ ਟਾਈਟਲ (ਡਾਟਾ ਟਰਮ)

2.ਡੈਫੀਨੇਸ਼ਨ ਡਿਸਕ੍ਰੀਪਸ਼ਨ (ਡਾਟਾ ਡੈਫੀਨੇਸ਼ਨ)

**7.ਆਰਡਰਡ ਲਿਸਟ ਕੀ ਹੁੰਦੀ ਹੈ?ਆਰਡਰਡ ਲਿਸਟ ਬਨਾਉਣ ਲਈ ਵਰਤੇ ਜਾਂਦੇ ਟੈਗਜ਼ ਅਤੇ ਐਟਰੀਬਿਊਟ ਦੇ ਨਾਂ ਲਿਖੋ।**

ਉੱਤਰ: ਆਰਡਰਡ ਲਿਸਟ ਨੂੰ ਨੰਬਰਡ ਲਿਸਟ ਵੀ ਕਿਹਾ ਜਾਂਦਾ ਹੈ ਕਿਉਂਕਿ ਇਸ ਲਿਸਟ ਵਿਚ ਆਈਟਮਾਂ ਦੀ ਸੂਚੀ ਨੂੰ ਨੰਬਰਾਂ ਵਾਲੇ ਫਾਰਮੈਟ ਵਿੱਚ ਦਿਖਾਇਆ ਜਾਂਦਾ ਹੈ।

**ਆਰਡਰਡ ਲਿਸਟ ਲਈ ਟੈਗ ਅਤੇ ਐਟਰੀਬਿਊਟ:**

1.HTML ਵਿੱਚ ਆਰਡਰਡ ਲਿਸਟ ਬਣਾਉਣ ਲਈ <OL> ਟੈਗ ਦੀ ਵਰਤੋਂ ਕੀਤੀ ਜਾਂਦੀ ਹੈ।

2.<OL> ਟੈਗ ਲਈ ਆਮ ਤੌਰ 'ਤੇ Type ਅਤੇ Start ਐਟਰੀਬਿਊਟ ਦੀ ਵਰਤੋਂ ਕੀਤੀ ਜਾਂਦੀ ਹੈ।

**8. HTML ਵਿਚ ਟੇਬਲਜ਼ ਬਨਾਉਣ ਲਈ ਵਰਤੇ ਜਾਂਦੇ ਵੱਖ-ਵੱਖ ਮੁੱਢਲੇ ਟੈਗਜ਼ ਦੇ ਨਾਂ ਲਿਖੋ।**

ਉੱਤਰ HTML ਵਿਚ ਟੇਬਲ ਬਣਾਉਣ ਲਈ ਹੇਠਾਂ ਦਿਤੇ ਮੁੱਢਲੇ ਟੈਗਜ਼ ਦੀ ਵਰਤੋਂ ਕੀਤੀ ਜਾਂਦੀ ਹੈ:

1.<TABLE> 2. <TR> 3. <TH> 4. <TD>

**9. ਤੁਸੀਂ HTML ਟੇਬਲਜ਼ ਵਿਚ ਸੈੱਲਾਂ ਨੂੰ ਕਿਸ ਤਰ੍ਹਾਂ ਮਰਜ ਕਰੋਗੇ?**

ਉੱਤਰ: ਸੈੱਲਾਂ ਨੂੰ ਮਰਜ ਕਰਨ ਤੋ ਭਾਵ ਹੈ ਦੋ ਜਾਂ ਦੋ ਤੋਂ ਵੱਧ ਸੈੱਲਾਂ ਨੂੰ ਮਿਲਾ ਕੇ ਇੱਕ ਸੈੱਲ ਬਣਾਉਣਾ। HTML ਟੇਬਲ ਵਿੱਚ ਸੈੱਲਾਂ ਨੂੰ ਮਿਲਾਉਣ ਲਈ Colspan ਅਤੇ Rowspan ਐਟਰੀਬਿਊਟਸ ਦੀ ਵਰਤੋਂ ਕੀਤੀ ਜਾਂਦੀ ਹੈ।ਇਹਨਾਂ ਦੀ ਵਰਤੋਂ <TD> ਜਾਂ <TH> ਟੈਗਜ਼ ਵਿਚ ਕੀਤੀ ਜਾਂਦੀ ਹੈ:

1.Colspan: ਇਹ ਦੋ ਜਾਂ ਦੋ ਤੋਂ ਵੱਧ ਕਾਲਮਾਂ ਦੇ ਸੈੱਲਾਂ ਨੂੰ ਮਰਜ ਕਰਨ ਲਈ ਵਰਤਿਆ ਜਾਂਦਾ ਹੈ।ਉਦਾਹਰਨ: <td colspan= "2">

2. Rowspan: ਇਹ ਦੋ ਜਾਂ ਦੋ ਤੋਂ ਵੱਧ ਰੋਅਜ਼ ਦੇ ਸੈੱਲਾਂ ਨੂੰ ਮਰਜ ਕਰਨ ਲਈ ਵਰਤਿਆ ਜਾਂਦਾ ਹੈ।ਉਦਾਹਰਨ: <td rowspan= "2">

**10. ਟੇਬਲ ਦੀ ਬੈਕਗ੍ਰਾਊਂਡ ਨੂੰ ਫਾਰਮੇਟ ਕਰਨ ਲਈ <table> ਟੈਗ ਵਿਚ ਵਰਤੇ ਜਾਣ ਵਾਲੇ ਵੱਖ-ਵੱਖ ਐਟਰੀਬਿਊਟਸ ਦਾ ਵਰਨਣ ਕਰੋ।**

ਉੱਤਰ: ਟੇਬਲ ਬੈਕਗ੍ਰਾਊਂਡ ਨੂੰ <TABLE> ਟੈਗ ਦੇ ਐਟਰੀਬਿਊਟਸ ਦੀ ਮਦਦ ਨਾਲ ਫਾਰਮੇਟ ਕੀਤਾ ਜਾ ਸਕਦਾ ਹੈ। ਅਸੀਂ ਹੇਠਾਂ ਦਿੱਤੇ ਐਟਰੀਬਿਊਟਸ ਦੀ ਵਰਤੋਂ ਕਰਕੇ ਟੇਬਲ ਦੀ ਬੈਕਗ੍ਰਾਊਂਡ ਨੂੰ ਫਾਰਮੇਟ ਕਰ ਸਕਦੇ ਹਾਂ:

1.Bgcolor: ਇਹ ਐਟਰੀਬਿਊਟ ਟੇਬਲ ਦੀ ਬੈਕਗ੍ਰਾਊਂਡ ਦਾ ਰੰਗ ਬਦਲਣ ਲਈ ਵਰਤਿਆ ਜਾਂਦਾ ਹੈ।

2.Background: ਇਹ ਐਟਰੀਬਿਊਟ ਟੇਬਲ ਦੀ ਬੈਕਗ੍ਰਾਊਂਡ ਉਪਰ ਤਸਵੀਰ ਸੈੱਟ ਕਰਨ ਲਈ ਵਰਤਿਆ ਜਾਂਦਾ ਹੈ।

**11. ਓਪਰੇਟਿੰਗ ਸਿਸਟਮ ਕੀ ਹੁੰਦਾ ਹੈ?**

ਉੱਤਰ: ਓਪਰੇਟਿੰਗ ਸਿਸਟਮ ਇਕ ਸਿਸਟਮ ਸਾਫਟਵੇਅਰ ਹੈ।ਇਹ ਕੰਪਿਊਟਰ ਨੂੰ ਚਲਾਉਣ ਲਈ ਵਰਤਿਆ ਜਾਂਦਾ ਹੈ।ਇਹ ਇੱਕ ਅਜਿਹਾ ਵਾਤਾਵਰਣ ਪ੍ਰਦਾਨ ਕਰਦਾ ਹੈ ਜਿਸ ਵਿੱਚ ਯੂਜ਼ਰ ਕੰਪਿਊਟਰ ਸਿਸਟਮ ਦੀ ਕੁਸ਼ਲਤਾ ਨਾਲ ਵਰਤੋਂ ਕਰ ਸਕਦੇ ਹਨ।ਓਪਰੇਟਿੰਗ ਸਿਸਟਮ ਯੂਜ਼ਰ ਅਤੇ ਕੰਪਿਊਟਰ ਹਾਰਡਵੇਅਰ ਵਿੱਚਕਾਰ ਇੱਕ ਇੰਟਰਫੇਸ ਦੇ ਤੌਰ ਤੇ ਕੰਮ ਕਰਦਾ ਹੈ ਅਤੇ ਹਰ ਕਿਸਮ ਦੇ ਪ੍ਰੋਗਰਾਮਾਂ ਦੇ ਲਾਗੂਕਰਨ ਨੂੰ ਕੰਟਰੋਲ ਕਰਦਾ ਹੈ।ਓਪਰੇਟਿੰਗ ਸਿਸਟਮਾਂ ਦੀਆਂ ਉਦਾਹਰਨਾਂ ਹਨ: Windows, DOS, Unix, Linux, Mac OS ਆਦਿ।

**12. ਓਪਰੇਟਿੰਗ ਸਿਸਟਮ ਦੀਆਂ ਕੁੱਝ ਮੁੱਖ ਕਿਸਮਾਂ ਦੇ ਨਾਂ ਲਿਖੋ।**

ਉੱਤਰ: ਓਪਰੇਟਿੰਗ ਸਿਸਟਮ ਦੀਆਂ ਕੁੱਝ ਮੁੱਖ ਕਿਸਮਾਂ ਦੇ ਨਾਂ ਹੇਠਾਂ ਦਿਤੇ ਗਏ ਹਨ:

1. ਬੈਚ ਓਪਰੇਟਿੰਗ ਸਿਸਟਮ
2. ਮਲਟੀ-ਪ੍ਰੋਗਰਾਮਿੰਗ ਓਪਰੇਟਿੰਗ ਸਿਸਟਮ
3. ਟਾਈਮ-ਸ਼ੇਅਰਿੰਗ ਓਪਰੇਟਿੰਗ ਸਿਸਟਮ
4. ਮਲਟੀ-ਪ੍ਰੋਸੈਸਿੰਗ ਓਪਰੇਟਿੰਗ ਸਿਸਟਮ
5. ਨੈੱਟਵਰਕ ਓਪਰੇਟਿੰਗ ਸਿਸਟਮ
6. ਰੀਅਲ ਟਾਈਮ ਓਪਰੇਟਿੰਗ ਸਿਸਟਮ

**13. ਓਪਰੇਟਿੰਗ ਸਿਸਟਮ ਦੇ ਮੁੱਖ ਫੰਕਸ਼ਨਾਂ ਦੀ ਇਕ ਲਿਸਟ ਤਿਆਰ ਕਰੋ।**

ਉੱਤਰ: ਓਪਰੇਟਿੰਗ ਸਿਸਟਮ ਦੇ ਮੁੱਖ ਫੰਕਸ਼ਨਾਂ ਦੀ ਲਿਸਟ ਹੇਠਾਂ ਦਿਤੀ ਗਈ ਹੈ:

1. ਪ੍ਰੋਗਰਾਮਾਂ ਨੂੰ ਲਾਗੂ ਕਰਨਾ
2. ਇਨਪੁੱਟ ਆਉਟਪੁੱਟ ਓਪਰੇਸ਼ਨਜ਼ ਨੂੰ ਕੰਟਰੋਲ ਕਰਨਾ
3. ਫਾਈਲ ਸਿਸਟਮ ਸੰਬੰਧੀ ਕੰਮ ਕਰਨਾ
4. ਸੰਚਾਰ ਕਰਨਾ
5. ਗਲਤੀਆਂ ਲੱਭਣਾ
6. ਸਾਧਨਾਂ ਦਾ ਪ੍ਰਬੰਧਨ ਕਰਨਾ
7. ਸੁਰੱਖਿਆ ਪ੍ਰਦਾਨ ਕਰਨਾ

**14. ਕੰਪਿਊਟਰ ਸੁਰੱਖਿਆ ਖਤਰੇ (Computer Security Threats) ਕੀ ਹੁੰਦੇ ਹਨ? ਉਹਨਾਂ ਦੇ ਨਾਂ ਲਿਖੋ।**

ਉੱਤਰ: ਕੰਪਿਊਟਰ ਸੁਰੱਖਿਆ ਖਤਰੇ ਸਾਡੇ ਕੰਪਿਊਟਰ ਸਿਸਟਮ ਉਪਰ ਕਿਸੇ ਵੀ ਸੰਭਾਵੀ ਖਤਰਨਾਕ ਹਮਲੇ ਨੂੰ ਦਰਸਾਉਂਦੇ ਹਨ।ਇਹ ਖਤਰੇ ਸਾਡੇ ਕੰਪਿਊਟਰ ਦੇ ਕੰਮਕਾਜ ਨੂੰ ਪ੍ਰਭਾਵਿਤ ਕਰ ਸਕਦੇ ਹਨ।ਕੰਪਿਊਟਰ ਸੁਰੱਖਿਆ ਖਤਰਿਆਂ ਦੀਆਂ ਸਭ ਤੋਂ ਨੁਕਸਾਨਦੇਹ ਕਿਸਮਾਂ ਹੇਠਾਂ ਦਿੱਤੀਆਂ ਗਈਆਂ ਹਨ:

1. ਮਾਲਵੇਅਰ
2. ਫਿਸ਼ਿੰਗ
3. ਰੂਟਕਿਟ
4. ਕੀਲੌਗਰ

**15. ਫਾਇਰਵਾਲ (Firewall) ਕੀ ਹੈ?**

ਉੱਤਰ: ਇੱਕ ਫਾਇਰਵਾਲ ਸਾਡੀ ਜਾਣਕਾਰੀ ਨੂੰ ਵੱਖ-ਵੱਖ ਸੁਰੱਖਿਆ ਖਤਰਿਆਂ ਤੋਂ ਸੁਰੱਖਿਅਤ ਕਰਨ ਵਿੱਚ ਮਦਦ ਕਰਦਾ ਹੈ।ਇਹ ਇੰਟਰਨੈੱਟ ਅਤੇ ਸਾਡੇ ਲੋਕਲ ਏਰੀਆ ਨੈੱਟਵਰਕ ਵਿੱਚਕਾਰ ਸੁਰੱਖਿਆ ਗਾਰਡ ਵਜੋਂ ਕੰਮ ਕਰਦਾ ਹੈ। ਇਹ ਹੈਕਰਾਂ ਨੂੰ ਸਾਡੇ ਸਿਸਟਮ 'ਤੇ ਹਮਲਾ ਕਰਨ ਤੋਂ ਰੋਕਦਾ ਹੈ।ਫਾਇਰਵਾਲ ਸਾਡੇ ਕੰਪਿਊਟਰ ਤੱਕ ਅਣਅਧਿਕਾਰਤ ਪਹੁੰਚ ਨੂੰ ਰੋਕ ਕੇ ਸਾਡੇ ਡਾਟਾ ਦੀ ਸੁਰੱਖਿਆ ਕਰਦਾ ਹੈ।

**16. ਡੈਸਕਟਾਪ ਪਬਲੀਸ਼ਿੰਗ ਕੀ ਹੈ?**

ਉੱਤਰ: ਡੈਸਕਟਾਪ ਪਬਲੀਸ਼ਿੰਗ ਨੂੰ DTP ਨਾਮ ਨਾਲ ਵੀ ਜਾਣਿਆ ਜਾਂਦਾ ਹੈ।DTP ਇੱਕ ਅਜਿਹੀ ਐਪਲੀਕੇਸ਼ਨ ਹੈ ਜਿਸ ਰਾਹੀਂ ਅਸੀਂ ਕੰਪਿਊਟਰ ਦੀ ਮਦਦ ਨਾਲ ਵਿਜ਼ਟਿੰਗ ਕਾਰਡ, ਮੈਗਜ਼ੀਨ, ਕੈਲੰਡਰ, ਇਸ਼ਤਿਹਾਰ ਆਦਿ ਨੂੰ ਚੰਗੀ ਕੁਆਲਿਟੀ ਵਿੱਚ ਪ੍ਰਿੰਟ ਕਰ ਸਕਦੇ ਹਾਂ।ਇਹ ਕੰਮ ਪਬਲੀਸ਼ਿੰਗ ਅਤੇ ਪ੍ਰਿੰਟਿੰਗ ਨਾਲ ਸਬੰਧਤ ਹੈ।

**17. ਵੱਖ-ਵੱਖ ਕਿਸਮਾਂ ਦੇ ਪ੍ਰਿੰਟਰਾਂ ਦੇ ਨਾਂ ਲਿਖੋ।**

ਉੱਤਰ:ਪ੍ਰਿੰਟਰ ਇੱਕ ਹਾਰਡਕਾਪੀ ਆਉਟਪੁੱਟ ਯੰਤਰ ਹੈ।ਇਸਦੀ ਵਰਤੋਂ ਡਾਕੂਮੈਂਟਸ ਨੂੰ ਕਾਗਜ਼ ਉਪਰ ਪ੍ਰਿੰਟ ਕਰਨ ਲਈ ਕੀਤੀ ਜਾਂਦੀ ਹੈ।ਪ੍ਰਿੰਟਰ ਮੁੱਖ ਤੌਰ ਤੇ ਦੋ ਕਿਸਮਾਂ ਦੇ ਹੁੰਦੇ ਹਨ:

1. ਇੰਪੈਕਟ ਪ੍ਰਿੰਟਰ
2. ਨਾਨ- ਇੰਪੈਕਟ ਪ੍ਰਿੰਟਰ

**18. ਮਾਰਜ਼ਿਨ (Margins) ਕੀ ਹੁੰਦੇ ਹਨ?**

ਉੱਤਰ:ਪੇਜ਼ ਦੀ ਮੁੱਖ ਸਮੱਗਰੀ ਅਤੇ ਇਸਦੇ ਕਿਨਾਰਿਆਂ ਵਿੱਚਕਾਰ ਖਾਲੀ ਖੇਤਰ ਨੂੰ ਮਾਰਜਿਨ ਕਿਹਾ ਜਾਂਦਾ ਹੈ। ਮਾਰਜਿਨ ਇਹ ਪਰਿਭਾਸ਼ਿਤ ਕਰਨ ਵਿਚ ਮਦਦ ਕਰਦਾ ਹੈ ਕਿ ਟੈਕਸਟ ਦੀ ਇੱਕ ਲਾਈਨ ਕਿੱਥੇ ਸ਼ੁਰੂ ਹੁੰਦੀ ਹੈ ਅਤੇ ਕਿੱਥੇ ਖਤਮ ਹੁੰਦੀ ਹੈ।ਅਸੀਂ ਆਪਣੀ ਜਰੂਰਤ ਅਨੁਸਾਰ ਮਾਰਜਿਨ ਦਾ ਆਕਾਰ ਘਟਾਅ ਜਾਂ ਵਧਾਅ ਵੀ ਸਕਦੇ ਹਾਂ।

**19. ਗ੍ਰਾਫਿਕਸ (Graphics) ਨੂੰ ਪਰਿਭਾਸ਼ਿਤ ਕਰੋ?**

ਉੱਤਰ:ਗ੍ਰਾਫਿਕਸ ਇੱਕ ਤਸਵੀਰ ਦੀ ਵਿਜ਼ੂਅਲ ਪੇਸ਼ਕਾਰੀ ਹੁੰਦੀ ਹੈ।ਸਾਧਾਰਣ ਰੂਪ ਵਿਚ ਕੰਪਿਊਟਰ ਗ੍ਰਾਫਿਕਸ ਕੰਪਿਊਟਰ ਸਕਰੀਨ ਉੱਤੇ ਨਜ਼ਰ ਆਉਣ ਵਾਲੀਆਂ ਤਸਵੀਰਾਂ ਹੁੰਦੀਆਂ ਹਨ।ਪੁਰਾਣੇ ਗ੍ਰਾਫਿਕਸ ਸਿਰਫ ਕੁਝ ਰੰਗਾਂ ਵਿੱਚ ਗ੍ਰਾਫਿਕਸ ਨੂੰ ਦਰਸਾਉਂਦੇ ਸਨ ਜਦੋਂ ਕਿ ਆਧੁਨਿਕ ਕੰਪਿਊਟਰ ਲੱਖਾਂ ਰੰਗਾਂ ਵਿੱਚ ਗ੍ਰਾਫਿਕਸ ਨੂੰ ਦਰਸਾ ਸਕਦੇ ਹਨ।

**20. "WYSIWYG" ਤੋਂ ਤੁਹਾਡਾ ਕੀ ਭਾਵ ਹੈ?**

ਉੱਤਰ: WYSIWYG ਦਾ ਪੂਰਾ ਨਾਂ "What You See Is What You Get" ਹੈ,ਜਿਸ ਦਾ ਅਰਥ ਹੈ "ਜੋ ਤੁਸੀਂ ਦੇਖਦੇ ਹੋ ਉਹੀ ਤੁਸੀਂ ਪ੍ਰਾਪਤ ਕਰਦੇ ਹੋ", ਭਾਵ ਜਿਸ ਤਰ੍ਹਾਂ ਤੁਸੀਂ ਆਪਣੇ ਦਸਤਾਵੇਜ਼ ਨੂੰ ਕੰਪਿਊਟਰ ਸਕਰੀਨ ਤੇ ਦੇਖੋਗੇ, ਉਸੇ ਤਰ੍ਹਾਂ ਹੀ ਤੁਸੀਂ ਉਸਨੂੰ ਪ੍ਰਿੰਟ ਰੂਪ ਵਿਚ ਪ੍ਰਾਪਤ ਕਰੋਗੇ।

**21. ਪਬਲੀਸ਼ਰ ਕੀ ਹੈ?**

ਉੱਤਰ: ਪਬਲੀਸ਼ਰ ਇੱਕ ਡੈਸਕਟਾਪ ਐਪਲੀਕੇਸ਼ਨ ਹੈ।ਪਬਲੀਸ਼ਰ ਦਾ ਪਿਹਲਾ ਵਰਜ਼ਨ ਮਾਈਕ੍ਰੋਸਾਫਟ ਦੁਆਰਾ ਸਾਲ 1991ਵਿੱਚ ਜਾਰੀ ਕੀਤਾ ਗਿਆ ਸੀ।ਮਾਈਕ੍ਰੋਸਾੱਫਟ ਪਬਲੀਸ਼ਰ ਵਿੱਚ ਪੇਜ ਲੇਆਉਟ ਅਤੇ ਡਿਜ਼ਾਇਨ ਤਿਆਰ ਕਰਨ 'ਤੇ ਜ਼ੋਰ ਦਿੱਤਾ ਜਾਂਦਾ ਹੈ।ਇਸਦੀ ਵਰਤੋਂ ਆਕਰਸ਼ਕ ਇਸ਼ਤਿਹਾਰਬਾਜ਼ੀ ਅਤੇ ਪ੍ਰਚਾਰ ਸਮੱਗਰੀ, ਜਿਵੇਂ ਕਿ ਲੈਟਰ ਹੈੱਡ, ਬੈਨਰ, ਪੋਸਟਰ, ਕੈਲੰਡਰ,ਇਨਵੀਟੇਸ਼ਨ ਕਾਰਡ, ਅਤੇ ਨਿਊਜ਼ਲੈਟਰ ਆਦਿ ਨੂੰ ਡਿਜ਼ਾਈਨ ਅਤੇ ਤਿਆਰ ਕਰਨ ਲਈ ਕੀਤੀ ਜਾਂਦੀ ਹੈ।ਇਸ ਇਸ਼ਤਿਹਾਰਬਾਜ਼ੀ ਅਤੇ ਪ੍ਰਚਾਰ ਸਮੱਗਰੀ ਨੂੰ ਪਬਲੀਕੇਸ਼ਨ ਕਿਹਾ ਜਾਂਦਾ ਹੈ।

**22. ਰਨ ਕਮਾਂਡ ਦੀ ਵਰਤੋਂ ਨਾਲ ਪਬਲੀਸ਼ਰ ਨੂੰ ਕਿਵੇਂ ਸਟਾਰਟ ਕੀਤਾ ਜਾਂਦਾ ਹੈ?**

ਉੱਤਰ: ਰਨ ਕਮਾਂਡ ਦੀ ਵਰਤੋਂ ਕਰਦੇ ਹੋਏ ਪਬਲੀਸ਼ਰ ਨੂੰ ਸ਼ੁਰੂ ਕਰਨ ਦੇ ਸਟੈਪ ਹੇਠਾਂ ਦਿਤੇ ਗਏ ਹਨ:

1. ਰਨ ਕਮਾਂਡ ਬਾਕਸ ਖੋਲਣ ਲਈ ਕੀਬੋਰਡ ਤੋਂ ਵਿੰਡੋ ਕੀਅ + R ਦਬਾਓ।
2. ਇਸ ਵਿੱਚ MSPUB ਟਾਈਪ ਕਰੋ।
3. OK ਬਟਨ 'ਤੇ ਕਲਿੱਕ ਕਰੋ।

**23. ਟੈਂਪਲੇਟਸ ਨੂੰ ਪਰਿਭਾਸ਼ਿਤ ਕਰੋ।**

ਉੱਤਰ: ਟੈਂਪਲੇਟ ਪਬਲੀਸ਼ਰ ਦਾ ਡਿਫਾਲਟ ਮਾਡਲ ਹੈ।ਟੈਂਪਲੇਟ ਦੀ ਮਦਦ ਨਾਲ ਇੱਕ ਬੁਨਿਆਦੀ ਪਬਲੀਕੇਸ਼ਨ ਬਹੁਤ ਆਸਾਨੀ ਨਾਲ ਤਿਆਰ ਕੀਤੀ ਜਾ ਸਕਦੀ ਹੈ।ਟੈਂਪਲੇਟਸ ਵਿੱਚ ਪਿਹਲਾਂ ਤੋਂ ਪਰਿਭਾਸ਼ਿਤ ਡਿਜ਼ਾਈਨ-ਸਟਾਈਲ ਉਪਲਬਧ ਹੁੰਦੇ ਹਨ।ਅਸੀਂ ਇਹਨਾਂ ਡਿਜ਼ਾਈਨਾਂ ਨੂੰ ਬਿਨ੍ਹਾਂ ਕਿਸੇ ਬਦਲਾਵ ਕੀਤੇ ਜਾਂ ਉਹਨਾਂ ਵਿੱਚ ਜਰੂਰਤ ਅਨੁਸਾਰ ਬਦਲਾਵ ਕਰਕੇ ਵਰਤ ਸਕਦੇ ਹਾਂ। Ofifce.com 'ਤੇ ਬਹੁਤ ਸਾਰੇ ਪ੍ਰਸਿੱਧ ਟੈਂਪਲੇਟ ਉਪਲਬਧ ਹਨ ਜਿਨ੍ਹਾਂ ਨੂੰ ਆਸਾਨੀ ਨਾਲ ਡਾਊਨਲੋਡ ਕਰਕੇ ਪਬਲੀਕੇਸ਼ਨ ਬਣਾਉਣ ਲਈ ਵਰਤਿਆ ਜਾ ਸਕਦਾ ਹੈ।

**24. ਵਿਗਿਆਪਨ ਲਈ ਕਿਹੜੇ ਪਬਲੀਕੇਸ਼ਨ ਵਰਤੇ ਜਾ ਸਕਦੇ ਹਨ?**

ਉੱਤਰ: ਵਿਗਿਆਪਨ ਲਈ ਵਰਤੇ ਜਾਂਦੇ ਵੱਖ-ਵੱਖ ਪਬਲੀਕੇਸ਼ਨ ਹੇਠਾਂ ਦਿਤੇ ਗਏ ਹਨ:

1. ਬਰੋਸ਼ਰ
2. ਨਿਊਜ਼ਲੈਟਰਸ
3. ਬੈਨਰ
4. ਬਿਜ਼ਨਸ ਕਾਰਡ

**25. ਬੈਨਰ ਕੀ ਹੈ?**

ਉੱਤਰ:ਬੈਨਰ ਕੱਪੜੇ ਦੀ ਇੱਕ ਲੰਮੀ ਪੱਟੀ ਹੁੰਦੀ ਹੈ ਜਿਸ ਉਪਰ ਕਿਸੇ ਪ੍ਰਦਰਸ਼ਨ,ਮੁਜਾਹਰੇ ਆਦਿ ਦੇ ਸਲੋਗਨ ਜਾਂ ਡਿਜ਼ਾਇਨ ਛਪੇ ਹੁੰਦੇ ਹਨ ਅਤੇ ਇਹਨਾਂ ਨੂੰ ਜਨਤਕ ਥਾਵਾਂ ਤੇ ਲਗਾਇਆ ਜਾਂਦਾ ਹੈ।ਬੈਨਰ ਦੀ ਵਰਤੋਂ ਅਨੁਸਾਰ ਇਹ ਇੱਕ ਝੰਡਾ ਜਾਂ ਕੱਪੜੇ ਦਾ ਹੋਰ ਟੁਕੜਾ ਵੀ ਹੋ ਸਕਦਾ ਹੈ।

## 6 ਅੰਕਾਂ ਵਾਲੇ ਪ੍ਰਸ਼ਨ:

**1.ਸਾਫ਼ਟਵੇਅਰ ਕੀ ਹੁੰਦੇ ਹਨ? ਵੱਖ-ਵੱਖ ਕਿਸਮਾਂ ਦੇ ਸਾਫ਼ਟਵੇਅਰਜ਼ ਦਾ ਵਰਨਣ ਕਰੋ।**

ਉ: ਸਾਫ਼ਟਵੇਅਰ ਯੂਜ਼ਰ ਅਤੇ ਕੰਪਿਊਟਰ ਹਾਰਡਵੇਅਰ ਵਿਚਕਾਰ ਵਿਚੋਲੇ ਦੀ ਭੂਮਿਕਾ ਅਦਾ ਕਰਦੇ ਹਨ। ਸਾਫ਼ਟਵੇਅਰਜ਼ ਪ੍ਰੋਗਰਾਮਾਂ ਦੇ ਸਮੂਹ ਹੁੰਦੇ ਹਨ ਜੋ ਯੂਜ਼ਰ ਨੂੰ ਕੁੱਝ ਖਾਸ ਕੰਮ ਕਰਨ ਦੇ ਸਮਰੱਥ ਬਣਾਉਂਦੇ ਹਨ ਜਾਂ ਕੰਪਿਊਟਰ ਨੂੰ ਆਪਰੇਟ ਕਰਨ ਲਈ ਵਰਤੇ ਜਾਂਦੇ ਹਨ।ਸਾਫਟਵੇਅਰ ਦੋ ਤਰ੍ਹਾਂ ਦੇ ਹੁੰਦੇ ਹਨ:




1. **ਸਿਸਟਮ ਸਾਫ਼ਟਵੇਅਰ:** ਸਿਸਟਮ ਸਾਫ਼ਟਵੇਅਰ ਸਿਸਟਮ ਪ੍ਰੋਗਰਾਮਾਂ ਦਾ ਸਮੂਹ ਹੁੰਦੇ ਹਨ। ਇਹ ਸਾਫ਼ਟਵੇਅਰ ਕੰਪਿਊਟਰਾਂ ਨੂੰ ਆਪਰੇਟ ਕਰਨ, ਕੰਟਰੋਲ ਕਰਨ ਅਤੇ ਉਹਨਾਂ ਦੀਆਂ ਪ੍ਰੋਸੈਸਿੰਗ ਸਮਰੱਥਾਵਾਂ ਨੂੰ ਵਧਾਉਣ ਲਈ ਤਿਆਰ ਕੀਤੇ ਗਏ ਹਨ।ਸਿਸਟਮ ਸਾਫ਼ਟਵੇਅਰ ਆਮ ਤੌਰ ਤੇ ਕੰਪਿਊਟਰ ਬਣਾਉਣ ਵਾਲੀਆਂ ਕੰਪਨੀਆਂ ਦੁਆਰਾ ਤਿਆਰ ਕੀਤੇ ਜਾਂਦੇ ਹਨ।ਸਿਸਟਮ ਸਾਫ਼ਟਵੇਅਰ ਦੀਆਂ ਕੁਝ ਉਦਾਹਰਣਾਂ ਹਨ-ਆਪਰੇਟਿੰਗ ਸਿਸਟਮਜ਼ (Windows, Linux etc.), ਭਾਸ਼ਾ ਟ੍ਰਾਂਸਲੇਟਰਜ਼ (ਕੰਪਾਈਲਰ, ਇੰਟਰਟਰ, ਅਸੈਂਬਲਰ), ਆਦਿ।

2.**ਐਪਲੀਕੇਸ਼ਨ ਸਾਫ਼ਟਵੇਅਰ:** ਐਪਲੀਕੇਸ਼ਨ ਸਾਫ਼ਟਵੇਅਰ ਨੂੰ ਐਂਡ-ਯੂਜ਼ਰ ਐਪਲੀਕੇਸ਼ਨਜ ਵੀ ਕਹਿੰਦੇ ਹਨ।ਇਹ ਸਾਫ਼ਟਵੇਅਰਜ਼ ਆਮ ਤੌਰ ਤੇ ਯੂਜ਼ਰਜ਼ ਲਈ ਖਾਸ ਕੰਮ ਕਰਨ ਲਈ ਡਿਜ਼ਾਈਨ ਕੀਤੇ ਗਏ ਹੁੰਦੇ ਹਨ।ਐਪਲੀਕੇਸ਼ਨ ਸਾਫ਼ਟਵੇਅਰ ਯੂਜ਼ਰਜ਼ ਵੱਲੋਂ ਉਨ੍ਹਾਂ ਦੀਆਂ ਜ਼ਰੂਰਤਾਂ ਅਨੁਸਾਰ ਵਰਤੇ ਜਾਂਦੇ ਹਨ।ਵੱਖ-ਵੱਖ

ਯੂਜ਼ਰਜ਼ ਦੀਆਂ ਵੱਖੋ-ਵੱਖਰੀਆਂ ਜ਼ਰੂਰਤਾਂ ਹੁੰਦੀਆਂ ਹਨ। ਇਸ ਲਈ ਹਰੇਕ ਯੂਜ਼ਰ ਆਪਣੀਆਂ ਜ਼ਰੂਰਤਾਂ ਅਨੁਸਾਰ ਵੱਖ-ਵੱਖ ਕਿਸਮਾਂ ਦੇ ਸਾਫ਼ਟਵੇਅਰ ਵਰਤ ਸਕਦਾ ਹੈ।

**2.ਆਨ-ਲਾਈਨ ਆਫਿਸ ਟੂਲਜ਼ ਦੀ ਵਰਤੋਂ ਦੇ ਲਾਭ ਅਤੇ ਹਾਨੀਆਂ ਲਿਖੋ।**

ੳ: **ਆਨ-ਲਾਈਨ ਆਫਿਸ ਟੂਲਜ਼ ਦੀ ਵਰਤੋਂ ਦੇ ਲਾਭ :**

1. ਇਹਨਾਂ ਦੀ ਵਰਤੋਂ ਕਰਨ ਲਈ ਘੱਟ ਖਰਚਾ ਕਰਨਾ ਪੈਂਦਾ ਹੈ।
2. ਇਹਨਾਂ ਟੂਲਜ਼ / ਸਾਫਟਵੇਅਰਜ਼ ਨੂੰ ਡਾਊਨਲੋਡ ਜਾਂ ਇੰਸਟਾਲ ਕਰਨ ਦੀ ਜ਼ਰੂਰਤ ਨਹੀਂ ਪੈਂਦੀ।
3. ਸਾਫਟਵੇਅਰ ਲਾਇਸੈਂਸ ਨੂੰ ਖਰੀਦਣ ਜਾਂ ਅੱਪਗ੍ਰੇਡ ਕਰਨ ਦੀ ਕੋਈ ਜ਼ਰੂਰਤ ਨਹੀਂ ਪੈਂਦੀ ।
4. ਆਨ-ਲਾਈਨ ਆਫਿਸ ਟੂਲਜ਼ ਦੀਆਂ ਫਾਈਲਾਂ ਨੂੰ ਸ਼ੇਅਰ ਦੀ ਸਹੂਲਤ ਪ੍ਰਦਾਨ ਕਰਦੇ ਹਨ।

**ਆਨ-ਲਾਈਨ ਆਫਿਸ ਟੂਲਜ਼ ਦੀ ਵਰਤੋਂ ਦੀਆਂ ਹਾਨੀਆਂ :**

1. ਇਹਨਾਂ ਟੂਲਜ਼ ਨੂੰ ਐਕਸੈੱਸ ਕਰਨ ਲਈ ਸੰਬੰਧਤ ਐਪਸ ਦੇ ਰਿਮੋਟ ਸਰਵਰ ਜਾਂ ਨੈੱਟਵਰਕ ਨਾਲ ਕੁਨੈਕਟੀਵਿਟੀ ਦੀ ਜ਼ਰੂਰਤ ਹੁੰਦੀ ਹੈ।
2. ਜ਼ਿਆਦਾਤਰ ਆਨ-ਲਾਈਨ ਆਫਿਸ ਟੂਲਜ਼ ਦੀ ਵਰਤੋਂ ਲਈ ਉੱਚ ਰਫਤਾਰ (ਬ੍ਰਾਡਬੈਂਡ) ਇੰਟਰਨੈਟ ਕਨੈਕਸ਼ਨ ਦੀ ਜ਼ਰੂਰਤ ਹੁੰਦੀ ਹੈ।
3. ਆਨ-ਲਾਈਨ ਆਫਿਸ ਸੂਟਸ ਵਿੱਚ ਆਫ-ਲਾਈਨ ਆਫਿਸ ਟੂਲਜ਼ ਦੇ ਮੁਕਾਬਲੇ ਅਡਵਾਂਸਡ ਵਿਸ਼ੇਸ਼ਤਾਵਾਂ ਘੱਟ ਹੁੰਦੀਆਂ ਹਨ।
4. ਵਰਤੇ ਗਏ ਸਾਫ਼ਟਵੇਅਰ ਦੇ ਵਰਜ਼ਨ ਉੱਪਰ ਯੂਜ਼ਰ ਦਾ ਕੋਈ ਕੰਟਰੋਲ ਨਹੀਂ ਹੁੰਦਾ।

**3.ਆਫਲਾਈਨ ਅਤੇ ਆਨ-ਲਾਈਨ ਆਫਿਸ ਟੂਲਜ਼ ਦੀ ਤੁਲਨਾ ਕਰੋ।**

ੳ: **ਆਫਲਾਈਨ ਅਤੇ ਆਨ-ਲਾਈਨ ਆਫਿਸ ਟੂਲਜ਼ ਦੀ ਤੁਲਨਾ :**

| ਆਫਲਾਈਨ ਲਾਈਨ ਆਫਿਸ ਟੂਲਜ਼ | ਆਨ-ਲਾਈਨ ਆਫਿਸ ਟੂਲਜ਼ |
|---|---|
| 1 . ਇਨ੍ਹਾਂ ਟੂਲਜ਼ ਦੀ ਵਰਤੋਂ ਲਈ ਕਿਸੇ ਇੰਟਰਨੈੱਟ ਕੁਨੈਕਸ਼ਨ ਦੀ ਜ਼ਰੂਰਤ ਨਹੀਂ ਪੈਂਦੀ। | 1.ਇਨ੍ਹਾਂ ਟੂਲਜ਼ ਦੀ ਵਰਤੋਂ ਲਈ ਇੰਟਰਨੈੱਟ ਕੁਨੈਕਸ਼ਨ ਦੀ ਜ਼ਰੂਰਤ ਪੈਂਦੀ ਹੈ। |
| 2. ਆਫਲਾਈਨ ਆਫਿਸ ਟੂਲਜ਼ ਵਿੱਚ ਬਣੀਆਂ ਫਾਈਲਾਂ ਕੰਪਿਊਟਰ ਸਿਸਟਮ ਦੀ ਲੋਕਲ ਸਟੋਰੇਜ ਵਿੱਚ ਸਟੋਰ ਕੀਤੀਆਂ ਜਾਂਦੀਆਂ ਹਨ। | 2. ਆਨ-ਲਾਈਨ ਆਫਿਸ ਟੂਲਜ਼ ਵਿੱਚ ਬਣੀਆਂ ਫਾਈਲਾਂ ਕਲਾਉਡ ਸਟੋਰੇਜ਼ ਤੇ ਸਟੋਰ ਕੀਤੀਆਂ ਜਾਂਦੀਆਂ ਹਨ। |
| 3. ਫਾਈਲਾਂ ਸਿਰਫ ਉਸ ਲੋਕਲ ਕੰਪਿਊਟਰ ਤੇ ਹੀ ਵਰਤੀਆਂ ਜਾ ਸਕਦੀਆਂ ਹਨ ਜਿਸ ਉੱਪਰ ਉਹਨਾਂ ਨੂੰ ਸਟੋਰ ਕੀਤਾ ਗਿਆ ਹੁੰਦਾ ਹੈ। | 3, ਫਾਈਲਾਂ ਨੂੰ ਦੁਨੀਆ ਵਿੱਚ ਕਿਸੇ ਵੀ ਜਗ੍ਹਾ ਤੇ ਰਹਿ ਕੇ ਵਰਤਿਆ ਜਾ ਸਕਦਾ ਹੈ । |
| 4. ਫਾਈਲਾਂ ਅਸਾਨੀ ਨਾਲ ਸ਼ੇਅਰ ਨਹੀਂ ਕੀਤੀਆਂ ਜਾ ਸਕਦੀਆਂ। | 4. ਫਾਈਲਾਂ ਨੂੰ ਅਸਾਨੀ ਨਾਲ ਸ਼ੇਅਰ ਕੀਤਾ ਜਾ ਸਕਦਾ ਹੈ। |
| 5. ਉਦਾਹਰਣ: MS Word, Excel, PowerPoint ਆਦਿ। | 5. ਉਦਾਹਰਣ: Google Docs, Google Sheets,Google Slides ਆਦਿ। |

**4. ਟੈਗਜ਼ (Tags) ਕੀ ਹੁੰਦੇ ਹਨ? HTML ਵਿੱਚ ਵਰਤੇ ਜਾਣ ਵਾਲੇ ਟੈਗਜ਼ ਦੀਆਂ ਦੋ ਵੱਖ-ਵੱਖ ਕਿਸਮਾਂ ਦਾ ਵਰਨਣ ਕਰੋ।**

ੳ: ਟੈਗ ਐਚ.ਟੀ.ਐਮ.ਐਲ ਵਿਚ ਇੱਕ ਬਹੁਤ ਹੀ ਮਹੱਤਵਪੂਰਨ ਰੋਲ ਅਦਾ ਕਰਦਾ ਹੈ।ਇਹ ਕੁਝ ਖਾਸ ਨਿਰਦੇਸ਼ ਹਨ।ਹਰੇਕ ਟੈਗ ਦਾ ਆਪਣਾ ਵੱਖਰਾ ਕੰਮ ਹੁੰਦਾ ਹੈ।ਇਹ ਓਪਨ ਐਂਗਲ ਬ੍ਰੈਕਟ (<) ਨਾਲ ਸ਼ੁਰੂ ਹੁੰਦੇ ਹਨ ਅਤੇ ਕਲੋਜ਼ ਐਂਗਲ (/>) ਬ੍ਰੈਕਟ ਨਾਲ ਬੰਦ ਹੁੰਦੇ ਹਨ।

ਟੈਗਜ਼ ਦੋ ਤਰਾਂ ਦੇ ਹੁੰਦੇ ਹਨ:-

**1. ਪੇਅਰਡ ਟੈਗਜ਼ (Paired Tags):** ਇਹਨਾਂ ਟੈਗਜ਼ ਨੂੰ ਕੰਪੈਨੀਅਨ (Companion) ਜਾਂ ਕੰਟੇਨਰ (Container) ਟੈਗਜ਼ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਪੇਅਰਡ ਟੈਗ ਵਿੱਚ ਦੋ ਟੈਗਜ਼ ਵਰਤੇ ਜਾਂਦੇ ਹਨ: ਪਹਿਲੇ ਨੂੰ ਓਪਨਿੰਗ ਟੈਗ (<tag>) ਕਿਹਾ ਜਾਂਦਾ ਹੈ ਅਤੇ ਦੂਜੇ ਨੂੰ ਕਲੋਜ਼ਿੰਗ ਟੈਗ (</tag>) ਕਿਹਾ ਜਾਂਦਾ ਹੈ।ਉਹ ਕੰਟੈਂਟਸ ਜਿਸ ਉੱਪਰ ਅਸੀਂ ਟੈਗ ਦਾ ਇਫੈਕਟ (effect) ਲਾਗੂ ਕਰਨਾ ਚਾਹੁੰਦੇ ਹਾਂ, ਉਸਨੂੰ ਓਪਨਿੰਗ ਅਤੇ ਕਲੋਜ਼ਿੰਗ ਟੈਗਜ਼ ਦੇ ਵਿਚਕਾਰ ਰੱਖਿਆ ਜਾਂਦਾ ਹੈ।

**2.ਅਨਪੇਅਰਡ ਟੈਗਜ਼ (Unpaired Tags):** ਇਹ ਟੈਗਜ਼ ਸਿੰਗੂਲਰ (Singular) ਜਾਂ ਇਕੱਲੇ (Stand-Alone) ਟੈਗ ਵਜੋਂ ਵੀ ਜਾਣੇ ਜਾਂਦੇ ਹਨ। ਇਹਨਾਂ ਟੈਗਜ਼ ਨੂੰ ਬੰਦ (close) ਕਰਨ ਦੀ ਜ਼ਰੂਰਤ ਨਹੀਂ ਹੁੰਦੀ।ਉਦਾਹਰਣ ਲਈ:

<br>, <hr> ਟੈਗਜ਼ ਆਦਿ।ਇਨ੍ਹਾਂ ਟੈਗਾਂ ਨੂੰ ਕਿਸੇ ਕਲੋਜ਼ਿੰਗ ਟੈਗ ਦੀ ਜ਼ਰੂਰਤ ਨਹੀਂ ਹੁੰਦੀ।

## 5. ਤੁਸੀਂ HTML ਡਾਕੂਮੈਂਟ ਵਿੱਚ ਫੌਂਟਸ (Fonts) ਨਾਲ ਕਿਵੇਂ ਕੰਮ ਕਰੋਗੇ?

ੳ: ਫੌਂਟ ਟੈਗ ਵਿਚ ਟੈਕਸਟ ਦਾ ਪਹਿਲਾਂ ਤੋਂ ਪ੍ਰਭਾਸ਼ਿਤ ਸਟਾਈਲ (ਬਣਤਰ) ਅਤੇ ਅਕਾਰ ਹੁੰਦਾ ਹੈ।ਇਸ ਟੈਗ ਦੀ ਵਰਤੋਂ ਕਰਕੇ ਅਸੀਂ ਅੱਖਰਾਂ ਦਾ ਰੰਗ,ਸਟਾਈਲ ਅਤੇ ਅਕਾਰ ਨੂੰ ਲਾਗੂ ਕਰਕੇ ਆਪਣੇ ਵੈੱਬ ਪੇਜ ਨੂੰ ਸੁੰਦਰ ਅਤੇ ਆਕਰਸ਼ਿਤ ਬਣਾ ਸਕਦੇ ਹਾਂ।ਫੌਂਟ ਟੈਗ ਦੀਆਂ ਚਾਰ ਵਿਸ਼ੇਸ਼ਤਾਵਾਂ ਹੁੰਦੀਆਂ ਹਨ:-

1. ਫੌਂਟ ਸਟਾਈਲ **(Font Style)**
2. ਫੌਂਟ ਫੇਸ **(Font Face)**
3. ਫੌਂਟ ਕਲਰ **(Font Color)**
4. ਫੌਂਟ ਸਾਈਜ਼ **(Font Size)**

## 6. HTML ਡਾਕੂਮੈਂਟ ਦੇ ਬਾਡੀ (Body) ਭਾਗ ਦਾ ਵਰਨਣ ਕਰੋ? ਤੁਸੀਂ ਇਸ ਨੂੰ ਕਿਸ ਤਰ੍ਹਾਂ ਫਾਰਮੈਟ ਕਰੋਗੇ?

ੳ: **BODY ਭਾਗ:** ਇਸ ਭਾਗ ਵਿੱਚ ਉਹ ਸਾਰੇ ਕੰਟੈਂਟਸ ਸ਼ਾਮਲ ਹੁੰਦੇ ਹਨ ਜੋ ਵੈੱਬਪੇਜ਼ ਉੱਪਰ ਯੂਜ਼ਰ ਨੂੰ ਪ੍ਰਦਰਸ਼ਿਤ ਕੀਤੇ ਜਾਂਦੇ ਹਨ। Body ਭਾਗ ਨੂੰ <BODY> ਟੈਗ ਦੁਆਰਾ ਪਰਿਭਾਸ਼ਤ ਕੀਤਾ ਜਾਂਦਾ ਹੈ ਜੋ ਕਿ ਇੱਕ ਕੰਟੇਨਰ ਟੈਗ ਹੈ। ਇਹ <BODY > ਟੈਗ ਦੇ ਨਾਲ ਸ਼ੁਰੂ ਹੁੰਦਾ ਹੈ ਅਤੇ </BODY> ਟੈਗ ਨਾਲ ਖਤਮ ਹੁੰਦਾ ਹੈ। ਯੂਜ਼ਰ ਨੂੰ ਦਿਖਾਏ ਗਏ ਸਾਰੇ ਕੰਟੈਂਟਸ, ਜਿਵੇਂ ਕਿ ਟੈਕਸਟ, ਤਸਵੀਰਾਂ, ਵੀਡਿਓ, ਟੇਬਲ, ਲਿਸਟਾਂ, ਫਾਰਮ ਆਦਿ ਇਹਨਾਂ ਟੈਗਜ਼ ਦੇ ਵਿਚਕਾਰ ਹੀ ਪਰਿਭਾਸ਼ਤ ਕੀਤੇ ਜਾਂਦੇ ਹਨ। HTML ਡਾਕੂਮੈਂਟ ਦਾ Body ਭਾਗ ਹੈੱਡ ਭਾਗ ਬੰਦ ਹੋਣ (ਭਾਵ </head>) ਤੋਂ ਤੁਰੰਤ ਬਾਅਦ ਸ਼ੁਰੂ ਹੋਣਾ ਚਾਹੀਦਾ ਹੈ।HTML ਦਸਤਾਵੇਜ਼ ਦੇ ਮੁੱਖ ਭਾਗ ਨੂੰ ਫਾਰਮੈਟ ਕਰਨ ਲਈ, ਅਸੀਂ ਇਸਦੇ ਐਟਰੀਬਿਊਟਸ ਦੀ ਵਰਤੋਂ ਕਰ ਸਕਦੇ ਹਾਂ:

1.**BGCOLOR:** ਇਹ ਐਟਰੀਬਿਊਟ ਬਾਡੀ ਭਾਗ ਵਿੱਚ ਬੈਕਗ੍ਰਾਊਡ ਦਾ ਰੰਗ ਸੈੱਟ ਕਰਨ ਲਈ ਵਰਤਿਆ ਜਾਂਦਾ ਹੈ।

2.**BACKGROUND:** ਇਸ ਐਟਰੀਬਿਊਟ ਦੀ ਵਰਤੋਂ HTML ਡਾਕੂਮੈਂਟ ਦੀ ਬੈਕਗ੍ਰਾਊਡ ਉੱਪਰ ਤਸਵੀਰ ਸੈੱਟ ਕਰਨ ਲਈ ਕੀਤੀ ਜਾਂਦੀ ਹੈ।

3.**TEXT:** ਇਸ ਐਟਰੀਬਿਊਟ ਦੀ ਵਰਤੋਂ ਟੈਕਸਟ ਦਾ ਰੰਗ ਨੂੰ ਬਦਲਣ ਲਈ ਵਰਤੀ ਜਾਂਦੀ ਹੈ।

## 7. ਟੇਬਲਜ਼ ਕੀ ਹੁੰਦੇ ਹਨ? HTML ਡਾਕੂਮੈਂਟ ਵਿਚ ਟੇਬਲ ਬਨਾਉਣ ਲਈ ਵਰਤੇ ਜਾਣ ਵਾਲੇ ਮੁੱਢਲੇ ਟੈਗਜ਼ ਦਾ ਵਰਨਣ ਕਰੋ।

ਉੱਤਰ: ਟੇਬਲ ਇੱਕ ਅਜਿਹਾ ਸਟਰਕਚਰ ਹੁੰਦੀ ਹੈ ਜਿਸ ਵਿੱਚ ਡਾਟਾ ਨੂੰ ਰੋਅਜ਼ ਅਤੇ ਕਾਲਮਾਂ ਵਿੱਚ ਵਿਵਸਥਿਤ ਕੀਤਾ ਜਾਂਦਾ ਹੈ।ਟੇਬਲਾਂ ਦੀ ਵਰਤੋਂ ਮੁੱਖ ਤੌਰ 'ਤੇ ਡਾਟਾ ਨੂੰ ਸਾਰਣੀਬੱਧ ਰੂਪ ਵਿੱਚ ਦਰਸਾਉਣ ਲਈ ਕੀਤੀ ਜਾਂਦੀ ਹੈ। ਟੇਬਲ ਵਿੱਚ ਦਿਖਾਈ ਗਈ ਜਾਣਕਾਰੀ ਆਸਾਨੀ ਨਾਲ ਪੜ੍ਹਨਯੋਗ ਅਤੇ ਸਮਝਣਯੋਗ ਹੁੰਦੀ ਹੈ।ਟੇਬਲ ਵਿਚ ਡਾਟਾ ਨੂੰ ਸੈੱਲਾਂ ਵਿੱਚ ਦਿਖਾਇਆ ਜਾਂਦਾ ਹੈ।HTML ਵਿੱਚ ਟੇਬਲ ਬਣਾਉਣ ਲਈ ਹੇਠਾਂ ਦਿੱਤੇ ਟੈਗ ਵਰਤੇ ਜਾਂਦੇ ਹਨ:

**1.<TABLE> :** HTML ਵਿੱਚ ਇਸ ਟੈਗ ਦੀ ਵਰਤੋਂ ਟੇਬਲ ਨੂੰ ਪਰਿਭਾਸ਼ਿਤ ਕਰਨ ਲਈ ਕੀਤੀ ਜਾਂਦੀ ਹੈ।

**2.<TR> :** TR ਦਾ ਅਰਥ ਹੈ ਟੇਬਲ ਰੋਅ।ਇਹ ਟੈਗ <TABLE> ਟੈਗ ਵਿੱਚ ਇੱਕ ਰੋਅ ਨੂੰ ਪਰਿਭਾਸ਼ਿਤ ਕਰਨ ਲਈ ਵਰਤਿਆ ਜਾਂਦਾ ਹੈ।

**3.<TH> :** TH ਦਾ ਅਰਥ ਹੈ ਟੇਬਲ ਹੈਡਿੰਗ।ਇਹ ਟੈਗ ਟੇਬਲ ਦੇ ਕਾਲਮ ਹੈਡਿੰਗਜ਼ ਨੂੰ ਪਰਿਭਾਸ਼ਿਤ ਕਰਨ ਲਈ ਵਰਤਿਆ ਜਾਂਦਾ ਹੈ।

**4.<TD> :** TD ਦਾ ਅਰਥ ਹੈ ਟੇਬਲ ਡਾਟਾ। ਇਹ ਟੈਗ ਸੈੱਲ ਵਿਚਲੇ ਡਾਟਾ ਨੂੰ ਪਰਿਭਾਸ਼ਿਤ ਕਰਨ ਲਈ ਵਰਤਿਆ ਜਾਂਦਾ ਹੈ।

## 8. ਸੈੱਲ ਪੈਡਿੰਗ ਅਤੇ ਸੈੱਲ ਸਪੇਸਿੰਗ ਕੀ ਹੁੰਦੀ ਹੈ? ਢੁਕਵੀਆਂ ਉਦਾਹਰਣਾਂ ਨਾਲ ਵਰਨਣ ਕਰੋ।

ਉੱਤਰ: CellPadding ਅਤੇ CellSpacing ਇਹ ਦੋਵੇਂ <TABLE> ਟੈਗ ਦੇ ਐਟਰੀਬਿਊਟਸ ਹਨ।ਇਹਨਾਂ ਐਟਰੀਬਿਊਟਸ ਦੀ ਵਰਤੋਂ ਟੇਬਲ ਸੈੱਲਾਂ ਵਿੱਚਕਾਰ ਖਾਲੀ ਥਾਂ ਸੈਟ ਕਰਨ ਲਈ ਕੀਤੀ ਜਾਂਦੀ ਹੈ।

**1.ਸੈੱਲਪੈਡਿੰਗ:** ਇਹ ਐਟਰੀਬਿਊਟ ਸੈੱਲ ਦੇ ਅੰਦਰ ਖਾਲੀ ਥਾਂ ਨੂੰ ਦਰਸਾਉਂਦਾ ਹੈ।ਇਸ ਐਟਰੀਬਿਊਟ ਦੀ ਵਰਤੋਂ ਸੈੱਲ ਬਾਰਡਰ ਅਤੇ ਸੈੱਲ ਡਾਟਾ ਵਿਚਕਾਰ ਖਾਲੀ ਥਾਂ ਪਰਿਭਾਸ਼ਿਤ ਕਰਨ ਲਈ ਕੀਤੀ ਜਾਂਦੀ ਹੈ।ਡਿਫਾਲਟ ਸੈੱਲ ਪੈਡਿੰਗ 1 ਪਿਕਸਲ ਹੁੰਦੀ ਹੈ।ਉਦਾਹਰਨ ਲਈ: <Table CellPadding = “5”>

**2.ਸੈੱਲ ਸਪੇਸਿੰਗ:** ਇਹ ਐਟਰੀਬਿਊਟ ਸੈੱਲ ਤੋਂ ਬਾਹਰ ਖਾਲੀ ਥਾਂ ਨੂੰ ਦਰਸਾਉਂਦਾ ਹੈ।ਇਸ ਐਟਰੀਬਿਊਟ ਦੀ ਵਰਤੋਂ ਟੇਬਲ ਸੈੱਲਾਂ ਦੇ ਵਿਚਕਾਰ ਖਾਲੀ ਥਾਂ ਪਰਿਭਾਸ਼ਿਤ ਕਰਨ ਲਈ ਕੀਤੀ ਜਾਂਦੀ ਹੈ।ਡਿਫਾਲਟ ਸੈੱਲਸਪੇਸਿੰਗ 2 ਪਿਕਸਲ ਹੁੰਦੀ ਹੈ।ਉਦਾਹਰਨ ਲਈ: <Table CellSpacing = “7”>

**9. ਆਰਡਰਡ ਲਿਸਟ ਅਤੇ ਅਨਆਰਡਰਡ ਲਿਸਟਾਂ ਵਿਚ ਅੰਤਰ ਲਿਖੋ।**

ਉੱਤਰ: ਆਰਡਰਡ ਅਤੇ ਅਨਆਰਡਰਡ ਲਿਸਟਾਂ ਵਿੱਚ ਅੰਤਰ ਹੇਠਾਂ ਦਿਤਾ ਗਿਆ ਹੈ:

| ਅਨ-ਆਰਡਰਡ ਲਿਸਟ | ਆਰਡਰਡ ਲਿਸਟ |
|---|---|
| 1. ਇਸ ਲਿਸਟ ਨੂੰ ਬੁਲੇਟਿਡ ਲਿਸਟ ਵੀ ਕਿਹਾ ਜਾਂਦਾ ਹੈ। | 1.ਇਸ ਲਿਸਟ ਨੂੰ ਨੰਬਰਡ ਲਿਸਟ ਵੀ ਕਿਹਾ ਜਾਂਦਾ ਹੈ। |
| 2.ਇਹ ਇਕ ਅਜਿਹੀ ਲਿਸਟ ਹੁੰਦੀ ਹੈ ਜਿਸ ਵਿਚ ਲਿਸਟ ਆਈਟਮਾਂ ਦਾ ਕ੍ਰਮ ਮਹੱਤਵਪੂਰਨ ਨਹੀਂ ਹੁੰਦਾ। | 2.ਇਹ ਇਕ ਅਜਿਹੀ ਲਿਸਟ ਹੁੰਦੀ ਹੈ ਜਿਸ ਵਿਚ ਲਿਸਟ ਆਈਟਮਾਂ ਦਾ ਕ੍ਰਮ ਮਹੱਤਵਪੂਰਨ ਹੁੰਦਾ ਹੈ। |
| 3.ਇਸ ਵਿਚ ਲਿਸਟ-ਆਈਟਮਾਂ ਨੂੰ ਬੁਲੇਟਸ ਨਾਲ ਦਰਸਾਇਆ ਜਾਂਦਾ ਹੈ। | 3.ਇਸ ਵਿਚ ਲਿਸਟ ਆਈਟਮਾਂ ਨੂੰ ਨੰਬਰ ਫਾਰਮੇਟ ਵਿਚ ਦਰਸਾਇਆ ਜਾਂਦਾ ਹੈ। |
| 4.ਇਹਨਾਂ ਲਿਸਟਾਂ ਨੂੰ ਤਿਆਰ ਕਰਨ ਲਈ <UL> ਟੈਗ ਦੀ ਵਰਤੋਂ ਕੀਤੀ ਜਾਂਦੀ ਹੈ। | 4.ਇਹਨਾਂ ਲਿਸਟਾਂ ਨੂੰ ਤਿਆਰ ਕਰਨ ਲਈ < OL > ਟੈਗ ਦੀ ਵਰਤੋਂ ਕੀਤੀ ਜਾਂਦੀ ਹੈ। |
| 5.ਇਹਨਾਂ ਲਿਸਟਾਂ ਲਈ Type ਐਟਰੀਬਿਊਟ ਇਕ ਮਹੱਤਵਪੂਰਨ ਐਟਰੀਬਿਊਟ ਹੈ। | 5.ਇਹਨਾਂ ਲਿਸਟਾਂ ਲਈ Type ਅਤੇ Start ਐਟਰੀਬਿਊਟਸ ਮਹੱਤਵਪੂਰਨ ਐਟਰੀਬਿਊਟਸ ਹਨ। |

**10. ਵੈਕਟਰ ਗ੍ਰਾਫਿਕਸ ਅਤੇ ਬਿੱਟਮੈਪ ਗ੍ਰਾਫਿਕਸ ਨੂੰ ਬਿਆਨ ਕਰੋ।**

ਉੱਤਰ: ਵੈਕਟਰ ਗ੍ਰਾਫਿਕਸ ਅਤੇ ਬਿਟਮੈਪ ਗ੍ਰਾਫਿਕਸ ਵਿੱਚ ਅੰਤਰ ਹੇਠਾਂ ਦਿੱਤਾ ਗਿਆ ਹੈ:

| ਵੈਕਟਰ ਗ੍ਰਾਫਿਕਸ | ਬਿਟਮੈਪ ਗ੍ਰਾਫਿਕਸ |
|---|---|
| 1. ਵੈਕਟਰ ਗ੍ਰਾਫਿਕਸ ਵਿੱਚ ਕੰਟਰੋਲ ਪੁਆਇੰਟ ਹੁੰਦੇ ਹਨ ਜੋ ਲਾਈਨਾਂ ਜਾਂ ਕਰਵ ਦੁਆਰਾ ਜੁੜੇ ਹੁੰਦੇ ਹਨ,ਜਿਸਨੂੰ ਵੈਕਟਰ ਪਾਥ ਕਿਹਾ ਜਾਂਦਾ ਹੈ। | 1. ਬਿਟਮੈਪ ਗ੍ਰਾਫਿਕਸ ਵਿੱਚ ਬਹੁਤ ਸਾਰੇ ਛੋਟੇ-ਛੋਟੇ ਬਿੰਦੂ ਹੁੰਦੇ ਹਨ ਜਿਨ੍ਹਾਂ ਨੂੰ ਪਿਕਸਲਜ਼ ਕਿਹਾ ਜਾਂਦਾ ਹੈ। |
| 2. ਇਹ ਬਹੁਭੁਜ ਅਤੇ ਹੋਰ ਆਕਾਰ ਬਣਾਉਣ ਲਈ ਵਰਤੇ ਜਾਂਦੇ ਹਨ। | 2. ਡਿਜੀਟਲ ਤਸਵੀਰਾਂ ਜਾਂ ਸਕੈਨ ਕੀਤੀਆਂ ਤਸਵੀਰਾਂ ਇਹਨਾਂ ਗ੍ਰਾਫਿਕਸ ਦੀਆਂ ਉਦਾਹਰਣਾਂ ਹਨ। |
| 3. ਹਰ ਆਕਾਰ ਦੀ ਵਸਤੂ ਨੂੰ ਵੱਖ-ਵੱਖ ਤਰੀਕਿਆਂ ਨਾਲ ਐਡਿਟ ਕਰਨਾ ਸੰਭਵ ਹੈ। | 3. ਬਿੱਟਮੈਪ ਗ੍ਰਾਫਿਕਸ ਸਾਫਟਵੇਅਰ ਦੀ ਮਦਦ ਨਾਲ ਹਰੇਕ ਪਿਕਸਲ ਨੂੰ ਐਡਿਟ ਕਰਨਾ ਸੰਭਵ ਹੈ। |
| 4. ਐਡੋਵ ਇਲੁਸਟ੍ਰੇਟਰ ਅਤੇ ਕੋਰਲ ਡਰਾਅ - ਵੈਕਟਰ ਗ੍ਰਾਫਿਕਸ ਸਾਫਟਵੇਅਰਾਂ ਦੀਆਂ ਉਦਾਹਰਣ ਹਨ। | 4. ਅਡੋਬ ਫੋਟੋਸ਼ਾਪ - ਬਿੱਟਮੈਪ ਗ੍ਰਾਫਿਕਸ ਸਾਫਟਵੇਅਰ ਦੀ ਸਭ ਤੋਂ ਵਧੀਆ ਉਦਾਹਰਣ ਹੈ। |
| 5. ਫ਼ਾਈਲ ਦਾ ਆਕਾਰ ਤਸਵੀਰ ਦੇ ਆਕਾਰ 'ਤੇ ਨਿਰਭਰ ਨਹੀਂ ਕਰਦਾ। | 5. ਫ਼ਾਈਲ ਦਾ ਆਕਾਰ ਚਿੱਤਰ ਦੇ ਆਕਾਰ 'ਤੇ ਨਿਰਭਰ ਕਰਦਾ ਹੈ। |
| 6. ਜਦੋਂ ਇੱਕ ਵੈਕਟਰ ਗ੍ਰਾਫਿਕਸ ਨੂੰ ਮੁੜ ਆਕਾਰ ਦਿੱਤਾ ਜਾਂਦਾ ਹੈ, ਤਾਂ ਇਸਦੀ ਗੁਣਵੱਤਾ ਵਿੱਚ ਕਮੀ ਨਹੀਂ ਆਉਂਦੀ। | 6. ਜਦੋਂ ਇੱਕ ਬਿਟਮੈਪ ਗ੍ਰਾਫਿਕਸ ਨੂੰ ਮੁੜ ਆਕਾਰ ਦਿੱਤਾ ਜਾਂਦਾ ਹੈ, ਤਾਂ ਇਸਦੀ ਗੁਣਵੱਤਾ ਘਟ ਜਾਂਦੀ ਹੈ। |

**11. ਡੈਸਕਟਾਪ ਪਬਲੀਸ਼ਿੰਗ ਸਾਫਟਵੇਅਰ ਕੀ ਹੁੰਦੇ ਹਨ?ਕਿਸੇ ਵੀ ਦੋ ਡੈਸਕਟਾਪ ਪਬਲੀਸ਼ਿੰਗ ਸਾਫਟਵੇਅਰਾਂ ਸੰਬੰਧੀ ਲਿਖੋ।**

ਉੱਤਰ: ਡੈਸਕਟਾਪ ਪਬਲੀਸ਼ਿੰਗ ਨੂੰ DTP ਨਾਮ ਨਾਲ ਵੀ ਜਾਣਿਆ ਜਾਂਦਾ ਹੈ।DTP ਇੱਕ ਅਜਿਹੀ ਐਪਲੀਕੇਸ਼ਨ ਹੈ ਜਿਸ ਰਾਹੀਂ ਅਸੀਂ ਕੰਪਿਊਟਰ ਦੀ ਮਦਦ ਨਾਲ ਵਿਜ਼ਟਿੰਗ ਕਾਰਡ, ਮੈਗਜ਼ੀਨ, ਕੈਲੰਡਰ, ਇਸ਼ਤਿਹਾਰ ਆਦਿ ਨੂੰ ਚੰਗੀ ਕੁਆਲਿਟੀ ਵਿੱਚ ਪ੍ਰਿੰਟ ਕਰ ਸਕਦੇ ਹਾਂ।ਇਹ ਕੰਮ ਪਬਲੀਸ਼ਿੰਗ ਅਤੇ ਪ੍ਰਿੰਟਿੰਗ ਨਾਲ ਸਬੰਧਤ ਹੈ।ਆਮ ਵਰਤੇ ਜਾਣ ਵਾਲੇ ਡੈਸਕਟਾਪ ਪਬਲੀਸ਼ਿੰਗ ਸਾਫਟਵੇਅਰਾਂ ਦਾ ਵਰਨਣ ਹੇਠਾਂ ਕੀਤਾ ਗਿਆ ਹੈ:

**1.ਮਾਈਕ੍ਰੋਸਾਫਟ ਪਬਲੀਸ਼ਰ:** ਇਹ ਸਾਫਟਵੇਅਰ ਮਾਈਕ੍ਰੋਸਾਫਟ ਦੁਆਰਾ ਤਿਆਰ ਕੀਤੀ ਗਈ DTP ਐਪਲੀਕੇਸ਼ਨ ਹੈ। ਇਸ ਐਪਲੀਕੇਸ਼ਨ ਵਿੱਚ ਪੇਜ ਲੇਆਉਟ ਤਿਆਰ ਕਰਨਾ ਅਤੇ ਉਸਨੂੰ ਡਿਜ਼ਾਈਨ ਕਰਨ ਉਪਰ ਜ਼ੋਰ ਦਿੱਤਾ ਜਾਂਦਾ ਹੈ।

**2.ਐਡੋਬ ਫੋਟੋਸ਼ਾਪ:** ਇਹ ਸਾਫਟਵੇਅਰ Adobe Inc ਦੁਆਰਾ ਤਿਆਰ ਕੀਤੀ ਗਈ DTP ਐਪਲੀਕੇਸ਼ਨ ਹੈ।ਇਸਨੂੰ ਮਾਰਕੀਟ ਵਿੱਚ ਸਭ ਤੋਂ ਵੱਧ ਸ਼ਕਤੀਸ਼ਾਲੀ ਇਮੇਜ਼ ਐਡਿਟਿੰਗ ਸਾਫਟਵੇਅਰ ਮੰਨਿਆ ਜਾਂਦਾ ਹੈ।

## 12.ਇੰਪੈਕਟ ਅਤੇ ਨਾਨ-ਇੰਪੈਕਟ ਪ੍ਰਿੰਟਰਾਂ ਵਿਚ ਕੀ ਅੰਤਰ ਹੈ?

ਉੱਤਰ: ਇੰਪੈਕਟ ਅਤੇ ਨਾਨ-ਇੰਪੈਕਟ ਪ੍ਰਿੰਟਰਾਂ ਵਿਚਕਾਰ ਅੰਤਰ ਇਸ ਪ੍ਰਕਾਰ ਹੈ:

| ਇੰਪੈਕਟ ਪ੍ਰਿੰਟਰ | ਨਾਨ-ਇੰਪੈਕਟ ਪ੍ਰਿੰਟਰ |
|---|---|
| 1. ਇਹ ਪ੍ਰਿੰਟਰ ਅੱਖਰਾਂ ਅਤੇ ਗ੍ਰਾਫਿਕਸ ਨੂੰ ਪ੍ਰਿੰਟ ਕਰਨ ਲਈ ਸਟਰਾਈਕਿੰਗ ਵਿਧੀ ਨਾਲ ਪ੍ਰਿੰਟ ਕਰਦੇ ਹਨ। | 1. ਇਹ ਪ੍ਰਿੰਟਰ ਅੱਖਰਾਂ ਅਤੇ ਗ੍ਰਾਫਿਕਸ ਨੂੰ ਪ੍ਰਿੰਟ ਕਰਨ ਲਈ ਸਟਰਾਈਕਿੰਗ ਵਿਧੀ ਦੀ ਵਰਤੋਂ ਨਹੀਂ ਕਰਦੇ। |
| 2. ਪ੍ਰਿੰਟਰ ਹੈੱਡ ਕਾਗਜ਼ ਅਤੇ ਰੀਬਨ ਉਪਰ ਸਟ੍ਰਾਇਕ ਕਰਕੇ ਪ੍ਰਿੰਟਿੰਗ ਕਰਦਾ ਹੈ। | 2. ਇਹ ਪ੍ਰਿੰਟਰ ਕਾਗਜ਼ ਉੱਤੇ ਸਿਆਹੀ ਦੀਆਂ ਬੂੰਦਾ ਸਪ੍ਰੇਅ ਕਰਕੇ ਜਾਂ ਲੇਜ਼ਰ ਤਕਨੀਕ ਦੀ ਵਰਤੋਂ ਕਰਕੇ ਪ੍ਰਿੰਟਿੰਗ ਕਰਦੇ ਹਨ। |
| 3. ਪ੍ਰਿੰਟਿੰਗ ਲਈ ਇਲੈਕਟ੍ਰੋਮਕੈਨੀਕਲ ਯੰਤਰ ਵਰਤੇ ਜਾਂਦੇ ਹਨ। | 3. ਪ੍ਰਿੰਟਿੰਗ ਲਈ ਨਾਨ-ਇਲੈਕਟ੍ਰੋਮਕੈਨੀਕਲ ਯੰਤਰ ਵਰਤੇ ਜਾਂਦੇ ਹਨ। |
| 4. ਇਹਨਾਂ ਪ੍ਰਿੰਟਰਾਂ ਦੀ ਪ੍ਰਿੰਟਿੰਗ ਸਪੀਡ ਹੌਲੀ ਹੁੰਦੀ ਹੈ। | 4. ਇਹਨਾਂ ਪ੍ਰਿੰਟਰਾਂ ਦੀ ਪ੍ਰਿੰਟਿੰਗ ਸਪੀਡ ਤੇਜ਼ ਹੁੰਦੀ ਹੈ। |
| 5. ਇਹ ਪ੍ਰਿੰਟਰ ਪ੍ਰਿੰਟਿੰਗ ਕਰਦੇ ਹੋਏ ਜਿਆਦਾ ਸ਼ੋਰ ਕਰਦੇ ਹਨ | 5. ਇਹ ਪ੍ਰਿੰਟਰ ਪ੍ਰਿੰਟਿੰਗ ਕਰਦੇ ਹੋਏ ਜਿਆਦਾ ਸ਼ੋਰ ਨਹੀਂ ਕਰਦੇ। |
| 6. ਇਹਨਾਂ ਪ੍ਰਿੰਟਰਾਂ ਦੀਆਂ ਉਦਾਹਰਨਾਂ ਹਨ: DMP, ਡੇਜ਼ੀ-ਵੀਲ੍ਹ ਪ੍ਰਿੰਟਰ, ਅਤੇ ਲਾਈਨ ਪ੍ਰਿੰਟਰ। | 6. ਇਹਨਾਂ ਪ੍ਰਿੰਟਰਾਂ ਦੀਆਂ ਉਦਾਹਰਨਾਂ ਹਨ: ਇੰਕਜੇਟ ਪ੍ਰਿੰਟਰ ਅਤੇ ਲੇਜ਼ਰ ਪ੍ਰਿੰਟਰ। |

## 13. ਡੈਸਕਟਾਪ ਪਬਲੀਸ਼ਿੰਗ ਅਤੇ ਵਰਡ ਪ੍ਰੋਸੈਸਿੰਗ ਸਾਫਟਵੇਅਰਾਂ ਵਿਚ ਕੋਈ 6 ਅੰਤਰ ਲਿਖੋ।

ਉੱਤਰ: ਡੈਸਕਟਾਪ ਪਬਲੀਸ਼ਿੰਗ ਅਤੇ ਵਰਡ ਪ੍ਰੋਸੈਸਿੰਗ ਸਾਫਟਵੇਅਰਾਂ ਵਿਚ ਮੁੱਖ ਅੰਤਰ ਹੇਠਾਂ ਦਿਤੇ ਗਏ ਹਨ:

| ਵਰਡ ਪ੍ਰੋਸੈਸਿੰਗ | ਡੈਸਕਟਾਪ ਪਬਲੀਸ਼ਿੰਗ |
|---|---|
| 1.ਵਰਡ ਪ੍ਰੋਸੈਸਿੰਗ ਸਾਫਟਵੇਅਰ ਯੂਜ਼ਰਜ਼ ਨੂੰ ਉਹਨਾਂ ਦਸਤਾਵੇਜ਼ਾਂ ਨੂੰ ਬਣਾਉਣ ਦੀ ਆਗਿਆ ਦਿੰਦਾ ਹੈ ਜਿਹਨਾਂ ਵਿੱਚ ਜਿਆਦਾਤਰ ਟੈਕਸਟ ਹੁੰਦਾ ਹੈ। | 1.ਡੈਸਕਟਾਪ ਪਬਲੀਸ਼ਿੰਗ ਸਾਫਟਵੇਅਰ ਯੂਜ਼ਰਜ਼ ਨੂੰ ਅਜਿਹੇ ਦਸਤਾਵੇਜ਼ ਬਣਾਉਣ ਦੀ ਆਗਿਆ ਦਿੰਦਾ ਹੈ ਜਿਸ ਵਿੱਚ ਟੈਕਸਟ ਅਤੇ ਗ੍ਰਾਫਿਕਸ ਹੁੰਦੇ ਹਨ ਅਤੇ ਡਾਕੂਮੈਂਟ ਲੇਆਉਟ ਮਹੱਤਵਪੂਰਨ ਹੁੰਦਾ ਹੈ। |
| 2.ਇਹ ਸਾਫਟਵੇਅਰ ਘੱਟ ਮਹਿੰਗੇ ਹੁੰਦੇ ਹਨ। | 2.ਇਹ ਸਾਫਟਵੇਅਰ ਜ਼ਿਆਦਾ ਮਹਿੰਗੇ ਹੁੰਦੇ ਹਨ। |
| 3.ਇਹ ਟੈਕਸਟ ਅਧਾਰਿਤ ਐਡੀਟਰ ਹੁੰਦੇ ਹਨ। | 3.ਇਹ ਗ੍ਰਾਫਿਕਸ ਅਧਾਰਿਤ ਐਡੀਟਰ ਹੁੰਦੇ ਹਨ। |
| 4.ਵਰਡ ਪ੍ਰੋਸੈਸਿੰਗ ਦਸਤਾਵੇਜ਼ਾਂ ਦੀਆਂ ਉਦਾਹਰਨਾਂ ਹਨ: ਸਧਾਰਨ ਮੈਮੋ,ਚਿੱਠੀ-ਪੱਤਰ, ਰੈਜ਼ਿਊਮ ਆਦਿ। | 4.ਡੈਸਕਟਾਪ ਪਬਲੀਸ਼ਿੰਗ ਦਸਤਾਵੇਜ਼ਾਂ ਦੀਆਂ ਉਦਾਹਰਨਾਂ ਹਨ: ਨਿਊਜ਼ਲੈਟਰ, ਮੈਗਜ਼ੀਨ, ਪੋਸਟਰ, ਬਰੋਸ਼ਰ ਆਦਿ। |
| 5.ਵਰਡ ਪ੍ਰੋਸੈਸਰ ਵਿੱਚ ਟੈਕਸਟ ਨੂੰ ਸਿੱਧੇ ਖਾਲੀ ਪੰਨੇ ਵਿੱਚ ਦਾਖਲ ਕੀਤਾ ਜਾ ਸਕਦਾ ਹੈ। | 5.ਡੈਸਕਟਾਪ ਪਬਲੀਸ਼ਰ ਵਿੱਚ ਟੈਕਸਟ ਅਤੇ ਗ੍ਰਾਫਿਕਸ ਦਾਖਲ ਕਰਨ ਲਈ ਫਰੇਮਜ਼ ਦੀ ਵਰਤੋਂ ਕੀਤੀ ਜਾਂਦੀ ਹੈ। |
| 6.ਵਰਡ ਪ੍ਰੋਸੈਸਿੰਗ ਸਾਫਟਵੇਅਰ ਦੀਆਂ ਉਦਾਹਰਨਾਂ ਹਨ: ਮਾਈਕ੍ਰਸਾਫਟ ਵਰਡ, ਵਰਡ-ਪ੍ਰੋ, ਵਰਡ ਪਰਫੈਕਟ ਆਦਿ। | 6.ਡੈਸਕਟਾਪ ਪਬਲੀਸ਼ਿੰਗ ਸਾਫਟਵੇਅਰ ਦੀਆਂ ਉਦਾਹਰਨਾਂ ਹਨ: ਐਡੋਬ ਪੇਜ਼ਮੇਕਰ, ਮਾਈਕਰੋਸਾਫਟ ਪਬਲੀਸ਼ਰ, ਐਡੋਬ ਫੋਟੋਸ਼ਾਪ ਆਦਿ। |